JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



# ਕੈਨੇਡੀਅਨ ਪੰਜਾਬੀ ਪੋਸਟ

Award winning news paper | Canadian Punjabi Post



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



To view our online newspaper visit punjabipost.ca/epaper | Vol 21* Issue 172 | Friday, September 02, 2022 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ


# ਟਰੂਡੋ ਨੇ ਮੰਤਰੀ ਮੰਡਲ ਵਿਚ ਕੀਤਾ ਮਾਮੂਲੀ ਫੇਰਬਦਲ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਨਿੱਕੇ ਜਿਹੇ ਕੈਬਨਿਟ ਫੇਰਬਦਲ ਵਿੱਚ ਮੰਤਰੀ ਫਿਲੋਮੈਨਾ ਤਾਸੀ ਤੇ ਹੈਲੇਨਾ ਜਾਜ਼ੈਕ ਦੇ ਮੰਤਰਾਲੇ ਇੱਕ ਦੂਜੇ ਨੂੰ ਦਿੱਤੇ ਗਏ।

ਇਸ ਮਾਮੂਲੀ ਫੇਰਬਦਲ ਵਿੱਚ ਜਾਜ਼ੈਕ ਨੂੰ ਕੈਨੇਡਾ ਦਾ ਨਵਾਂ ਪਬਲਿਕ ਸਰਵਿਸ ਐਂਡ ਪ੍ਰੋਕਿਓਰਮੈਂਟ ਮੰਤਰੀ ਨਿਯੁਕਤ ਕੀਤਾ ਗਿਆ ਹੈ ਜਦਕਿ ਤਾਸੀ ਨੂੰ ਦੱਖਣੀ ਓਨਟਾਰੀਓ ਲਈ ਫੈਡਰਲ ਇਕਨੌਮਿਕ ਡਿਵੈਲਪਮੈਂਟ ਏਜੰਸੀ ਮੰਤਰੀ ਥਾਪਿਆ ਗਿਆ ਹੈ। ਇਹ ਫੇਰਬਦਲ ਤਾਸੀ ਵੱਲੋਂ ਕੁੱਝ ਪਰਿਵਾਰਕ ਕਾਰਨਾਂ ਕਰਕੇ ਦੱਖਣੀ ਓਨਟਾਰੀਓ ਵਿੱਚ ਵਧੇਰੇ ਸਮਾਂ



ਗੁਜ਼ਾਰਨ ਲਈ ਕੀਤੀ ਗਈ ਗੁਜ਼ਾਰਿਸ਼ ਤੋਂ ਬਾਅਦ ਕੀਤਾ ਗਿਆ ਹੈ। ਇਸ ਦੇ ਨਾਲ ਹੀ ਟਰੂਡੋ ਨੇ ਇਹ ਵੀ ਸਪਸ਼ਟ ਕਰ ਦਿੱਤਾ ਕਿ ਆਪਣੇ ਮੰਤਰੀ ਮੰਡਲ ਵਿੱਚ ਫੇਰਬਦਲ ਕਰਨ ਦੀ ਉਨ੍ਹਾਂ ਦੀ ਕੋਈ ਇੱਛਾ ਨਹੀਂ ਹੈ।

ਗਵਰਨਰ ਜਨਰਲ ਮੈਰੀ ਸਾਇਮਨ ਵੱਲੋਂ ਦੋਵਾਂ ਮੰਤਰੀਆਂ ਨੂੰ ਆਪਣੇ ਅਹੁਦੇ ਦੀ ਸੰਹੁ ਚੁਕਾਏ ਜਾਣ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਅਜੇ ਚੋਣਾਂ ਨੂੰ ਸਾਲ ਤੋਂ ਵੀ ਘੱਟ ਦਾ ਸਮਾਂ ਹੋਇਆ ਹੈ ਤੇ ਸਾਡੀ ਸਰਕਾਰ ਕੈਨੇਡੀਅਨਜ਼ ਦੀ ਹਰ ਪੱਖੋਂ ਮਦਦ ਕਰਨ ਲਈ ਕਾਫੀ ਸਖ਼ਤ ਮਿਹਨਤ ਕਰ ਰਹੀ ਹੈ। ਅਸੀਂ ਇਸ ਤਰ੍ਹਾਂ ਦੀ ਸਖ਼ਤ ਮਿਹਨਤ ਨੂੰ ਜਾਰੀ ਰੱਖਾਂਗੇ।

ਇਸ ਮੌਕੇ ਤਾਸੀ ਨੇ ਸਪਸ਼ਟ ਕੀਤਾ ਕਿ ਪਿਛਲੇ ਸਾਲ ਦੇ ਸ਼ੁਰੂ ਵਿੱਚ ਉਸ ਦੇ ਪਤੀ ਨੂੰ ਦੋ ਸਟ੍ਰੋਕ ਆਏ ਸਨ ਤੇ ਉਨ੍ਹਾਂ ਦੀ ਸਿਹਤ ਦਾ ਧਿਆਨ ਰੱਖਣਾ ਕਾਫੀ ਜ਼ਰੂਰੀ ਹੈ। ਇਸੇ ਲਈ ਉਸ ਵੱਲੋਂ ਪ੍ਰਧਾਨ ਮੰਤਰੀ ਤੱਕ ਪਹੁੰਚ ਕਰਕੇ ਇਸ ਤਰ੍ਹਾਂ ਦੀ ਮਦਦ ਮੰਗੀ ਗਈ ਸੀ।

# ਕਾਰਬਨ ਟੈਕਸ ਕਾਰਨ ਜਨਤਾ ਨੂੰ ਹੋਣ ਵਾਲੇ ਫਾਇਦੇ ਬਾਰੇ ਇਮਾਨਦਾਰੀ ਤੋਂ ਕੰਮ ਨਹੀਂ ਲੈ ਰਹੇ ਕੁੱਝ ਪ੍ਰੀਮੀਅਰ : ਟਰੂਡੋ

ਵਿਨੀਪੈਗ, 1 ਸਤੰਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀਰਵਾਰ ਨੂੰ ਕੁੱਝ ਸਿਆਸਤਦਾਨਾਂ ਉੱਤੇ ਦੋਸ਼ ਲਾਇਆ ਕਿ ਫੈਡਰਲ ਸਰਕਾਰ ਦੇ ਕਾਰਬਨ ਟੈਕਸ ਦੇ ਪ੍ਰਭਾਵਾਂ ਬਾਰੇ ਜਨਤਾ ਨੂੰ ਸੱਚ ਦੱਸਣ ਤੋਂ ਉਹ ਕਤਰਾ ਰਹੇ ਹਨ।

ਇਹ ਟਿੱਪਣੀ ਅੰਸ਼ਕ ਤੌਰ ਉੱਤੇ ਮੈਨੀਟੋਬਾ ਦੀ ਪ੍ਰੀਮੀਅਰ ਹੈਦਰ ਸਟੀਫਨਸਨ ਉੱਤੇ ਨਿਸ਼ਾਨਾ ਸਾਧਦਿਆਂ ਹੋਇਆਂ ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਪ੍ਰੋਵਿੰਸ ਤੇ ਓਟਵਾ ਦਰਮਿਆਨ ਕਾਰਬਨ ਟੈਕਸ ਨੂੰ ਲੈ ਕੇ ਵਿਵਾਦ ਚੱਲ ਰਿਹਾ ਹੈ। ਸਟੀਫਨਸਨ ਨਾਲ ਅੱਧੇ ਘੰਟੇ ਦੀ ਮੁਲਾਕਾਤ ਤੋਂ ਠੀਕ ਪਹਿਲਾਂ ਟਰੂਡੋ ਨੇ ਆਖਿਆ ਕਿ ਮੈਨੀਟੋਬਾ ਵਰਗੀਆਂ



ਥਾਂਵਾਂ ਉੱਤੇ, ਜਿੱਥੇ ਪ੍ਰਦੂਸ਼ਣ ਉੱਤੇ ਫੈਡਰਲ ਸਰਕਾਰ ਵੱਲੋਂ ਟੈਕਸ ਲਾਇਆ ਜਾ ਰਿਹਾ ਹੈ, ਪ੍ਰੀਮੀਅਰ ਤੇ ਹੋਰ ਅਧਿਕਾਰੀ ਇਹ ਸਵੀਕਾਰਨ ਵਿੱਚ ਆਨਾਕਾਨੀ ਕਰ ਰਹੇ ਹਨ ਕਿ ਔਸਤ ਪਰਿਵਾਰਾਂ ਨੂੰ ਨੁਕਸਾਨ ਦੀ ਥਾਂ ਇਸ ਟੈਕਸ ਨਾਲ ਫਾਇਦਾ ਹੋ ਰਿਹਾ ਹੈ। ਇਸ ਟੈਕਸ ਕਾਰਨ ਉਨ੍ਹਾਂ ਦੀ ਜੇਬ੍ਹ ਵਿੱਚੋਂ ਪੈਸੇ ਜਾਣ ਦੀ ਥਾਂ ਉਨ੍ਹਾਂ ਨੂੰ ਬਚਤ ਹੋ ਰਹੀ ਹੈ।

ਉਨ੍ਹਾਂ ਆਖਿਆ ਕਿ ਕਲਾਈਮੇਟ ਚੇਂਜ ਨਾਲ ਲੜਨ ਦਾ ਸਾਨੂੰ ਰਾਹ ਲੱਭ ਗਿਆ ਹੈ ਤੇ ਇਸ ਨਾਲ ਆਮ ਪਰਿਵਾਰਾਂ ਦੀ ਮਦਦ ਵੀ ਹੋ ਰਹੀ ਹੈ ਤੇ ਇਸ ਨੂੰ ਅਸੀਂ ਭਵਿੱਖ ਵਿੱਚ ਵੀ ਜਾਰੀ ਰੱਖਾਂਗੇ। ਇੱਥੇ ਦੱਸਣਾ ਬਣਦਾ ਹੈ ਕਿ ਸਟੀਫਨਸਨ ਵੱਲੋਂ ਇਹ ਮੰਗ ਕੀਤੀ ਗਈ ਸੀ ਕਿ ਆਰਜ਼ੀ ਤੌਰ ਉੱਤੇ ਕਾਰਬਨ ਟੈਕਸ ਨੂੰ ਸਸਪੈਂਡ ਕਰ ਦਿੱਤਾ ਜਾਵੇ ਤਾਂ ਕਿ ਲੋਕ ਮਹਿੰਗਾਈ ਨਾਲ ਲੜ ਸਕਣ। ਟਰੂਡੋ ਵੱਲੋਂ ਇਹ ਟਿੱਪਣੀ ਇਸ ਸਬੰਧੀ ਪ੍ਰਤੀਕਿਰਿਆ ਵਜੋਂ ਹੀ ਕੀਤੀ ਗਈ। ਮੀਟਿੰਗ ਤੋਂ ਬਾਅਦ ਸਟੀਫਨਸਨ ਨੇ ਆਖਿਆ ਕਿ ਟਰੂਡੋ ਤੇ ਉਨ੍ਹਾਂ ਵੱਲੋਂ ਇਸ ਮੁੱਦੇ ਉੱਤੇ ਗੱਲਬਾਤ ਕੀਤੀ ਗਈ ਪਰ ਦੋਵਾਂ ਧਿਰਾਂ ਦਰਮਿਆਨ ਸਹਿਮਤੀ ਨਹੀਂ ਬਣ ਪਾਈ। ਸਟੀਫਨਸਨ ਨੇ ਆਖਿਆ ਕਿ ਟੈਕਸ ਇੱਕਠਾ ਕਰਨ ਮਗਰੋਂ ਛੋਟ ਦੇਣ ਤੋਂ ਚੰਗਾ ਹੈ ਕਿ ਇਸ ਨੂੰ ਸਸਪੈਂਡ ਕਰ ਦਿੱਤਾ ਜਾਵੇ।

## 5 ਤੋਂ 11 ਸਾਲ ਦੇ ਬੱਚਿਆਂ ਲਈ ਕੋਵਿਡ-19 ਦੀ ਬੂਸਟਰ ਡੋਜ਼ ਬੁੱਕ ਕਰਵਾ ਸਕਦੇ ਹਨ ਮਾਪੇ

ਓਨਟਾਰੀਓ, 1 ਸਤੰਬਰ (ਪੋਸਟ ਬਿਊਰੋ): ਓਨਟਾਰੀਓ ਵਿੱਚ ਰਹਿਣ ਵਾਲੇ ਮਾਪੇ ਅੱਜ ਤੋਂ ਆਪਣੇ ਬੱਚਿਆਂ ਲਈ ਕੋਵਿਡ-19 ਦੇ ਬੂਸਟਰ ਸ਼ੌਟਸ ਬੁੱਕ ਕਰਵਾ ਸਕਣਗੇ। ਓਨਟਾਰੀਓ ਸਰਕਾਰ ਦਾ ਕਹਿਣਾ ਹੈ ਕਿ ਇਹ ਅਪੁਆਇੰਟਮੈਂਟਸ ਪ੍ਰੋਵਿੰਸ ਦੇ ਵੈਕਸੀਨ ਪੋਰਟਲ ਉੱਤੇ ਸਵੇਰੇ 8:00 ਵਜੇ ਤੋਂ ਬੁੱਕ ਕਰਵਾਈਆਂ ਜਾ ਸਕਣਗੀਆਂ। ਅਪੁਆਇੰਟਮੈਂਟਸ ਲੋਕਲ ਪਬਲਿਕ ਹੈਲਥ ਯੂਨਿਟਸ ਰਾਹੀਂ ਵੀ ਬੁੱਕ ਕਰਵਾਈਆਂ ਜਾ ਸਕਣਗੀਆਂ ਤੇ ਇਸ ਤੋਂ ਇਲਾਵਾ ਕੁੱਝ ਫਾਰਮੇਸੀਜ਼ ਤੇ ਹੈਲਥ ਕੇਅਰ ਪ੍ਰੋਵਾਈਡਰਜ਼ ਰਾਹੀਂ ਵੀ ਇਹ ਬੁੱਕ ਕਰਵਾਈਆਂ ਜਾ ਸਕਣਗੀਆਂ। ਬੁੱਧਵਾਰ ਨੂੰ ਓਨਟਾਰੀਓ ਦੇ ਉੱਘੇ ਡਾਕਟਰ ਨੇ ਐਲਾਨ ਕੀਤਾ ਸੀ ਕਿ ਪੰਜ ਤੋਂ 11 ਸਾਲ ਦੇ ਬੱਚਿਆਂ ਨੂੰ ਇਸ



ਹਫਤੇ ਬੂਸਟਰ ਡੋਜ਼ ਲੱਗਣੀ ਸ਼ੁਰੂ ਹੋ ਸਕਦੀ ਹੈ।

ਇਸ ਮਹੀਨੇ ਦੇ ਸ਼ੁਰੂ ਵਿੱਚ ਹੈਲਥ ਕੈਨੇਡਾ ਨੇ ਆਖਿਆ ਸੀ ਕਿ ਉਸ ਵੱਲੋਂ ਇਸ ਉਮਰ ਵਰਗ ਦੇ ਬੱਚਿਆਂ ਲਈ ਫਾਈਜ਼ਰ ਦੀ ਕੋਵਿਡ-19 ਵੈਕਸੀਨ ਨੂੰ ਬੂਸਟਰ ਡੋਜ਼ ਵਜੋਂ ਮਨਜ਼ੂਰੀ ਦਿੱਤੀ ਜਾ ਚੁੱਕੀ ਹੈ। ਏਜੰਸੀ ਨੇ ਆਖਿਆ ਕਿ ਤੀਜੀ ਡੋਜ਼, ਦੂਜੀ ਡੋਜ਼ ਤੋਂ ਘੱਟੋ ਘੱਟ ਛੇ ਮਹੀਨੇ ਬਾਅਦ ਦਿੱਤੀ ਜਾਣੀ ਚਾਹੀਦੀ ਹੈ।


AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Axael InsuranceBrokers Ltd. | 1332 Khalsa Dr, Unit # 11, Mississauga, ON L5S 0A2

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty
Off: 905.230.3100

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

OURR HOME & APPLIANCES
LABOUR DAY Special
UPGRADE IN JUST $299*
$5699*
KitchenAid | moffat | MAYTAG | LG | SAMSUNG | Electrolux | JENNAIR | BOSCH | Whirlpool
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
416-551-5553
WWW.OURRHOMEAPPLIANCES.COM

Pure Vegetarian
MUFFIN'S
INDIAN SWEETS & RESTAURANT
CALL (905)794-3007
NOW OPEN AT EMBASSY GRAND PLAZA
#6-8770 THE GORE RD, BRAMPTON, ON L6P 0B1
SPECIAL OFFER
FREE CHOLE BHATURE WHEN YOU SPEND OVER $20
TIFFEN SERVICES ARE ALSO AVAILABLE

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Advice you can bank on.
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
- Immigration
- Family Law
- Corporate
- Power of Attorney/Affidavit /Attestations
- Real Estate
- Business Closing
- Wills & Estate
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Cockroaches
- Spiders & Fleas
- Carpenter Ants
- Bedbugs
- Silver Fish
- Wasps
- Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# ਮਾਂ ਦੀ ਹਿੰਮਤ ਕਾਰਨ ਅੱਜ ਵੀ ਜ਼ਿੰਦਾ ਹਾਂ : ਮਾਨ

ਬਰੈਂਪਟਨ, 1 ਸਤੰਬਰ (ਪੋਸਟ ਬਿਊਰੋ) : ਬਰੈਂਪਟਨ, ਓਨਟਾਰੀਓ ਦੀ ਮੀਡੀਆ ਸ਼ਖਸੀਅਤ, ਜਿਸ ਉੱਤੇ ਬੀਤੇ ਦਿਨੀਂ ਆਪਣੇ ਹੀ ਘਰ ਦੇ ਬਾਹਰ ਡਰਾਈਵ-ਵੇਅ ਵਿੱਚ ਤੇਜ਼ ਧਾਰ ਹਥਿਆਰਾਂ ਤੇ ਕੁਹਾੜੀਆਂ ਨਾਲ ਹਮਲਾ ਕੀਤਾ ਗਿਆ, ਨੇ ਪਹਿਲੀ ਵਾਰੀ ਇਸ ਹਮਲੇ ਤੋਂ ਬਾਅਦ ਆਪਣੇ ਨਾਲ ਹੋਈ ਬੀਤੀ ਨੂੰ ਬਿਆਨ ਕੀਤਾ।





ਲੋਕਲ ਪੌਡਕਾਸਟ ਹੋਸਟ ਤੇ ਰੀਅਲ ਅਸਟੇਟ ਏਜੰਟ ਜੋਤੀ ਸਿੰਘ ਮਾਨ ਉੱਤੇ 4 ਅਗਸਤ ਦੀ ਸਵੇਰ ਨੂੰ ਉਸ ਸਮੇਂ ਹਮਲਾ ਹੋ ਗਿਆ ਜਦੋਂ ਉਹ ਆਪਣੇ ਘਰ ਦੇ ਬਾਹਰ ਖੜ੍ਹੀ ਆਪਣੀ ਜੀਪ ਵਿੱਚ ਸਵਾਰ ਹੋਣ ਜਾ ਰਿਹਾ ਸੀ।ਘਟਨਾ ਦੀ ਹਾਸਲ ਹੋਈ ਵੀਡੀਓ ਤੋਂ ਸਾਹਮਣੇ ਆਇਆ ਕਿ ਮਾਨ ਅਜੇ ਆਪਣੀ ਜੀਪ ਵਿੱਚ ਬੈਠਿਆ ਹੀ ਸੀ ਕਿ ਇੱਕ ਵਿਅਕਤੀ ਕੁਹਾੜੀ ਨੂੰ ਹਵਾ ਵਿੱਚ ਲਹਿਰਾਉਂਦਾ ਹੋਇਆ ਉਸ ਵੱਲ ਭੱਜਿਆ ਆਇਆ।

ਇੱਕ ਇੰਟਰਵਿਊ ਵਿੱਚ ਮਾਨ ਨੇ ਆਖਿਆ ਕਿ ਦੋ ਹੋਰ ਵਿਅਕਤੀ ਅਚਾਨਕ ਕਿਤੋਂ ਪ੍ਰਗਟ ਹੋਏ ਤੇ ਉਨ੍ਹਾਂ ਸਾਰਿਆਂ ਨੇ ਰਲ ਕੇ ਜੀਪ ਦੀ ਖਿੜਕੀ ਨੂੰ ਤੋੜ ਦਿੱਤਾ। ਸਾਰਿਆਂ ਕੋਲ ਤੇਜ਼ ਧਾਰ ਹਥਿਆਰ ਸਨ। ਮਾਨ ਨੇ ਆਖਿਆ ਕਿ ਉਸ ਨੇ ਆਪਣੀ ਗੱਡੀ ਦੀ ਚਾਬੀ ਵੀ ਉਨ੍ਹਾਂ ਹਮਲਾਵਰਾਂ ਨੂੰ ਦੇਣ ਦੀ ਕੋਸ਼ਿਸ਼ ਕੀਤੀ ਕਿਉਂਕਿ ਉਸ ਨੂੰ ਲੱਗਿਆ ਕਿ ਸ਼ਾਇਦ ਉਹ ਕਾਰਜੈਕਿੰਗ ਦੇ ਇਰਾਦੇ ਨਾਲ ਆਏ ਹਨ। ਪਰ ਉਨ੍ਹਾਂ ਵਿਅਕਤੀਆਂ ਨੇ ਮਾਨ ਉੱਤੇ ਹਮਲਾ ਜਾਰੀ ਰੱਖਿਆ। ਤਿੰਨਾਂ ਮਸ਼ਕੂਕਾਂ ਨੇ ਮਾਨ ਨੂੰ ਧੂਹ ਕੇ ਗੱਡੀ ਵਿੱਚੋਂ ਬਾਹਰ ਕੱਢ ਲਿਆ ਤੇ ਉਸ ਉੱਤੇ ਤੇਜ਼ ਧਾਰ ਹਥਿਆਰਾਂ ਨਾਲ ਵਾਰ ਕਰਦੇ ਹੋਏ ਉਸ ਨੂੰ ਡਰਾਈਵ-ਵੇਅ ਦੇ ਅਖੀਰ ਤੱਕ ਲੈ ਗਏ।ਮਾਨ ਨੇ ਆਖਿਆ ਕਿ ਵੀਡੀਓ ਵੇਖਣ ਵਾਲੇ ਨੂੰ ਇਹੋ ਲੱਗਿਆ ਹੋਵੇਗਾ ਕਿ ਉਸ ਦੀ ਜਾਨ ਨਹੀਂ ਬਚੀ।

ਮਾਨ ਨੇ ਦੱਸਿਆ ਕਿ ਉਸ ਉੱਤੇ ਕੁਹਾੜੀ ਤੇ ਹੋਰ ਤੇਜ਼ ਧਾਰ ਹਥਿਆਰਾਂ ਨਾਲ ਹਮਲਾ ਕਰਨ ਦੇ ਨਾਲ ਨਾਲ ਉਸ ਉੱਤੇ ਪੈਪਰ ਸਪਰੇਅ ਕੀਤਾ ਗਿਆ ਤੇ ਉਸ ਨੂੰ ਟੇਜ਼ਰ ਵੀ ਕੀਤਾ ਗਿਆ। ਉਸ ਨੇ ਆਖਿਆ ਕਿ ਉਸ ਦੀ ਸੁੱਧਬੁੱਧ ਬਿਲਕੁਲ ਹੀ ਜਵਾਬ ਦੇ ਗਈ ਸੀ ਤੇ ਉਸ ਨੂੰ ਸਮਝ ਨਹੀਂ ਸੀ ਆ ਰਿਹਾ ਕਿ ਉਸ ਨਾਲ ਕੀ ਹੋ ਰਿਹਾ ਹੈ।ਇਹ ਹਿੰਸਕ ਹਮਲਾ ਉਸ ਸਮੇਂ ਰੁਕਿਆ ਜਦੋਂ ਮਾਨ ਦੀ ਮਾਤਾ ਜਸਮੇਲ ਮਾਨ ਘਰ ਤੋਂ ਬਾਹਰ ਭੱਜਦੀ ਹੋਈ ਆਈ ਤੇ ਉਸ ਨੇ ਹਮਲਾਵਰਾਂ ਨੂੰ ਭੱਜਣ ਲਈ ਮਜਬੂਰ ਕੀਤਾ। ਮਾਨ ਨੇ ਆਖਿਆ ਕਿ ਹਮਲੇ ਤੋਂ ਬਾਅਦ ਤਿੰਨ ਵਿਅਕਤੀਆਂ ਵੱਲੋਂ ਉਸ ਦੇ ਘਰ ਦੇ ਬਾਹਰ ਦੋ ਘੰਟੇ ਤੱਕ ਉਡੀਕ ਕੀਤੀ ਗਈ। ਉਸ ਨੂੰ ਲੱਗਿਆ ਕਿ ਉਹ ਉਸ ਦੀ ਉਡੀਕ ਕਰ ਰਹੇ ਹਨ।

ਮਾਨ ਨੇ ਦੱਸਿਆ ਕਿ ਹਸਪਤਾਲ ਵਿੱਚ ਉਸ ਦਾ ਆਪਰੇਸ਼ਨ ਕੀਤਾ ਗਿਆ ਤੇ ਉਸ ਨੂੰ 180 ਤੋਂ ਵੀ ਵੱਧ ਟਾਂਕੇ ਲੱਗੇ। ਉਸ ਦੇ ਪੈਰ ਦਾ ਇੱਕ ਅੰਗੂਠਾ ਵੀ ਵੱਢਣਾ ਪਿਆ, ਉਸ ਦੇ ਹੱਥ ਦੀ ਨਰਵ ਨੂੰ ਨੁਕਸਾਨ ਪਹੁੰਚਿਆ ਤੇ ਉਸ ਦੇ ਸ਼ਰੀਰ ਵਿੱਚ ਕਈ ਫਰੈਕਚਰ ਹੋਏ ਤੇ ਉਸ ਨੂੰ ਕਈ ਕੱਟ ਲੱਗੇ।ਮਾਨ ਨੇ ਦੱਸਿਆ ਕਿ ਹਮਲੇ ਤੋਂ ਬਾਅਦ ਉਸ ਨੂੰ ਪੋਸਟ ਟਰੌਮੈਟਿਕ ਸਟਰੈੱਸ ਡਿਸਆਰਡਰ ਹੋ ਚੁੱਕਿਆ ਹੈ, ਉਸ ਨੂੰ ਬੁਰੇ ਸੁਪਨੇ ਆਉਂਦੇ ਹਨ ਤੇ ਉਹ ਇੱਕ ਵਾਰੀ ਵਿੱਚ ਤਿੰਨ ਘੰਟੇ ਤੋਂ ਵੱਧ ਨਹੀਂ ਸੌਂ ਸਕਦਾ।

ਪੀਲ ਰੀਜਨਲ ਪੁਲਿਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਹਾਦਸੇ ਤੋਂ ਪਹਿਲਾਂ ਮਾਨ ਨੂੰ ਪੌਡਕਾਸਟ ਦੇ ਨਵੇਂ ਐਪੀਸੋਡ ਦੀ ਰਿਕਾਰਡਿੰਗ ਸਮੇਂ ਧਮਕੀਆਂ ਵੀ ਮਿਲੀਆਂ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮਾਨ ਨੇ ਆਖਿਆ ਕਿ ਉਸ ਨੂੰ ਅਜੇ ਤੱਕ ਇਹ ਨਹੀਂ ਪਤਾ ਕਿ ਉਸ ਉੱਤੇ ਹਮਲਾ ਕਿਉਂ ਤੇ ਕਿਸ ਵੱਲੋਂ ਕੀਤਾ ਗਿਆ। ਇਸ ਦੌਰਾਨ ਮਾਨ ਦੀ ਮਾਤਾ ਜਸਮੇਲ ਮਾਨ ਨੂੰ ਵੀਰਵਾਰ ਨੂੰ 3:00 ਵਜੇ ਉਸ ਦੀ ਬਹਾਦਰੀ ਲਈ ਬਰੈਂਪਟਨ ਸਿਟੀ ਹਾਲ ਵਿੱਚ ਸਨਮਾਨਿਤ ਵੀ ਕੀਤਾ ਗਿਆ।

# ਕੋਵਿਡ-19 ਤੋਂ ਸੰਕ੍ਰਮਿਤ ਵਿਅਕਤੀਆਂ ਲਈ ਫੋਰਡ ਸਰਕਾਰ ਨੇ ਖ਼ਤਮ ਕੀਤਾ ਪੰਜ ਦਿਨਾਂ ਦਾ ਆਈਸੋਲੇਸ਼ਨ ਨਿਯਮ

ਓਨਟਾਰੀਓ, 1 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਵੱਲੋਂ ਕੋਵਿਡ-19 ਤੋਂ ਸੰਕ੍ਰਮਿਤ ਵਿਅਕਤੀਆਂ ਲਈ ਪੰਜ ਦਿਨਾਂ ਦੇ ਆਈਸੋਲੇਸ਼ਨ ਸਬੰਧੀ ਨਿਯਮ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਸਾਲ ਦੇ ਅੰਤ ਵਿੱਚ ਰੈਸਪੀਰੇਟਰੀ ਵਾਇਰਸ ਦੀ ਮਾਰ ਕਾਰਨ ਲੋਕਾਂ ਦੇ ਆਮ ਤੌਰ ਉੱਤੇ ਬਿਮਾਰ ਪੈਣ ਦੀ ਸੰਭਾਵਨਾ ਵੱਧ ਹੋਣ ਕਾਰਨ ਇਹ ਫੈਸਲਾ ਕੀਤਾ ਗਿਆ ਹੈ।

ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ. ਕੀਰਨ ਮੂਰ ਨੇ ਬੁੱਧਵਾਰ ਨੂੰ ਆਖਿਆ ਕਿ ਜਿਹੜੇ ਲੋਕ ਬਿਮਾਰ ਮਹਿਸੂਸ ਕਰਦੇ ਹਨ ਉਨ੍ਹਾਂ ਨੂੰ ਖੁਦ ਨੂੰ ਆਈਸੋਲੇਟ ਕਰ ਲੈਣਾ ਚਾਹੀਦਾ ਹੈ ਤੇ ਆਪਣੀ ਬਿਮਾਰੀ ਦੇ ਲੱਛਣ ਖ਼ਤਮ ਹੋਣ ਤੋਂ ਬਾਅਦ 24 ਘੰਟੇ ਦੇ ਅੰਦਰ ਕੰਮ ਉੱਤੇ ਜਾਂ ਸਕੂਲ ਪਰਤਣਾ ਚਾਹੀਦਾ ਹੈ।ਕਿਸੇ ਵੀ ਵਿਅਕਤੀ ਵੱਲੋਂ ਆਪਣਾ ਆਈਸੋਲੇਸ਼ਨ ਵਾਲਾ ਸਮਾਂ ਕੱਟਣ ਤੋਂ ਬਾਅਦ 10 ਦਿਨਾਂ ਲਈ ਮਾਸਕ ਜ਼ਰੂਰ ਲਾ ਕੇ ਰੱਖਣੇ ਚਾਹੀਦੇ ਹਨ ਪਰ ਇਨ੍ਹਾਂ ਨੂੰ ਲਾਜ਼ਮੀ ਨਹੀਂ ਕੀਤਾ ਜਾ ਰਿਹਾ।



ਨਿੱਕੇ ਬੱਚਿਆਂ ਲਈ ਕੋਵਿਡ-19 ਬੂਸਟਰ ਡੋਜ਼ ਦੇ ਪਸਾਰ ਲਈ ਰੱਖੀ ਗਈ ਨਿਊਜ਼ ਕਾਨਫਰੰਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਮੂਰ ਨੇ ਆਖਿਆ ਕਿ ਆਮ ਤੌਰ ਉੱਤੇ ਇਹ ਪਾਇਆ ਜਾਂਦਾ ਹੈ ਕਿ ਰੈਸਪੀਰੇਟਰੀ ਵਾਇਰਸ ਸੈਸ਼ਨ ਸਤੰਬਰ ਦੇ ਅੰਤ ਵਿੱਚ ਸ਼ੁਰੂ ਹੁੰਦਾ ਹੈ ਤੇ ਇਹ ਸਲਾਹ ਇਸੇ ਨੂੰ ਧਿਆਨ ਵਿੱਚ ਰੱਖਕੇ ਦਿੱਤੀ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਵਾਰੀ ਮਾਮਲਾ ਹੋਰ ਗੁੰਝਲਦਾਰ ਹੈ ਕਿਉਂਕਿ ਸਕੂਲਾਂ ਤੇ ਕੰਮ ਵਾਲੀਆਂ ਥਾਂਵਾਂ ਉੱਤੇ ਹੋਰ ਰੈਸਪੀਰੇਟਰੀ ਵਾਇਰਸਾਂ ਦਾ ਵੀ ਜ਼ੋਰ ਰਹੇਗਾ।

ਇਹ ਪੁੱਛੇ ਜਾਣ ਉੱਤੇ ਕਿ ਰੈਪਿਡ ਜਾਂ ਪੀਸੀਆਰ ਟੈਸਟ ਲਈ ਪਾਜ਼ੀਟਿਵ ਪਾਏ ਜਾਣ ਵਾਲੇ ਵਿਅਕਤੀ ਜੇ ਸਿੰਪਟੋਮੈਟਿਕ ਨਹੀਂ ਰਹਿੰਦੇ ਤਾਂ ਕੀ ਉਹ ਕੰਮ ਉੱਤੇ ਜਾ ਸਕਦੇ ਹਨ,ਤਾਂ ਮੂਰ ਨੇ ਆਖਿਆ ਕਿ ਬਿਲਕੁਲ ਜਾ ਸਕਦੇ ਹਨ ਪਰ ਵਧੇਰੇ ਅਹਿਤਿਆਤ ਨਾਲ।ਮੂਰ ਨੇ ਆਖਿਆ ਕਿ ਇਹ ਐਲਾਨ ਆਮ ਜਨਤਾ ਲਈ ਕੀਤਾ ਗਿਆ ਹੈ ਪਰ ਕੰਮ ਵਾਲੀਆਂ ਥਾਂਵਾਂ, ਜਿਵੇਂ ਕਿ ਲਾਂਗ ਟਰਮ ਕੇਅਰ ਆਦਿ ਜਿਹੜੇ ਹਾਈ ਰਿਸਕ ਏਰੀਆਜ਼ ਹਨ, ਸਬੰਧੀ ਹੋਰ ਵੇਰਵੇ ਆਉਣ ਵਾਲੇ ਦਿਨਾਂ ਵਿੱਚ ਰਲੀਜ਼ ਕੀਤੇ ਜਾ ਸਕਦੇ ਹਨ।

# ਕਾਰਜੈਕਿੰਗ ਦੇ ਮਾਮਲੇ ਵਿੱਚ ਪੁਲਿਸ ਕਰ ਰਹੀ ਹੈ 18 ਸਾਲਾ ਸ਼ਖ਼ਸ ਦੀ ਭਾਲ

ਟੋਰਾਂਟੋ, 1 ਸਤੰਬਰ (ਪੋਸਟ ਬਿਊਰੋ) : ਦੋ ਮਹੀਨੇ ਪਹਿਲਾਂ ਰੈਕਸਡੇਲ ਵਿੱਚ ਕੀਤੀ ਗਈ ਹਥਿਆਰਬੰਦ ਕਾਰਜੈਕਿੰਗ ਦੇ ਮਾਮਲੇ ਵਿੱਚ ਪੁਲਿਸ ਇੱਕ 18 ਸਾਲਾ ਸ਼ਖ਼ਸ ਦੀ ਭਾਲ ਕਰ ਰਹੀ ਹੈ।

ਟੋਰਾਂਟੋ ਪੁਲਿਸ ਨੇ ਦੱਸਿਆ ਕਿ ਇਹ ਘਟਨਾ 19 ਜੂਨ ਨੂੰ ਐਤਵਾਰ ਵਾਲੇ ਦਿਨ ਇਸਲਿੰਗਟਨ ਐਵਨਿਊ ਤੇ ਐਲਬੀਅਨ ਰੋਡ ਏਰੀਆ ਵਿੱਚ ਵਾਪਰੀ। ਇਹ ਦੋਸ਼ ਲਾਇਆ ਗਿਆ ਸੀ ਕਿ ਆਪਣੀ ਕਾਰ ਵੱਲ ਜਾ ਰਹੀ ਮਹਿਲਾ ਕੋਲ ਦੋ ਵਿਅਕਤੀਆਂ ਨੇ ਪਹੁੰਚ ਕੇ ਉਸ ਤੋਂ ਗੰਨ ਦੀ ਨੋਕ ਉੱਤੇ ਚਾਬੀਆਂ ਦੀ ਮੰਗ ਕੀਤੀ।ਮਹਿਲਾ ਨੇ ਚਾਬੀਆਂ ਦੇ ਦਿੱਤੀਆਂ ਤੇ ਉਹ ਦੋਵੇਂ ਵਿਅਕਤੀ ਉੱਥੋਂ ਫਰਾਰ ਹੋ ਗਏ।ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦੋਵਾਂ ਵਿਅਕਤੀਆਂ ਨੇ ਕੁੱਝ ਹੀ ਦੂਰੀ ਉੱਤੇ ਕਾਰ ਪਾਰਕ ਕੀਤੀ ਤੇ ਫਿਰ ਉੱਥੋਂ ਪੈਦਲ ਹੀ ਚਲੇ ਗਏ।



ਮਹਿਲਾ ਨੂੰ ਕਿਸੇ ਤਰ੍ਹਾਂ ਦਾ ਸ਼ਰੀਰਕ ਨੁਕਸਾਨ ਨਹੀਂ ਪਹੁੰਚਾਇਆ ਗਿਆ।ਮਸ਼ਕੂਕਾਂ ਵਿੱਚੋਂ ਇੱਕ ਦੀ ਪਛਾਣ ਟੋਰਾਂਟੋ ਦੇ 18 ਸਾਲਾ ਹਮਜ਼ਾ ਹੁਸੈਨ ਵਜੋਂ ਕੀਤੀ ਗਈ ਹੈ।ਹੁਸੈਨ ਦੀ ਭਾਲ ਕਈ ਮਾਮਲਿਆਂ ਵਿੱਚ ਕੀਤੀ ਜਾ ਰਹੀ ਹੈ ਤੇ ਇਨ੍ਹਾਂ ਵਿੱਚ ਹਥਿਆਰਬੰਦ ਡਾਕਾ ਵੀ ਸ਼ਾਮਲ ਹੈ। ਉਸ ਦੀ ਕੱਦਕਾਠੀ ਦਾ ਵੇਰਵਾ ਜਾਰੀ ਕਰਦਿਆਂ ਪੁਲਿਸ ਵੱਲੋਂ ਦੱਸਿਆ ਗਿਆ ਕਿ ਉਹ 5 ਫੁੱਟ 5 ਇੰਚ ਦਾ ਬਲੈਕ ਵਿਅਕਤੀ ਹੈ ਜਿਸ ਦੀ ਕੱਦਕਾਠੀ ਦਰਮਿਆਨੀ ਤੇ ਕਾਲੇ ਘੁੰਗਰਾਲੇ ਵਾਲ ਹਨ। ਪੁਲਿਸ ਵੱਲੋਂ ਇਸ 18 ਸਾਲਾ ਵਿਅਕਤੀ ਦੀ ਤਸਵੀਰ ਜਾਰੀ ਨਹੀਂ ਕੀਤੀ ਗਈ ਹੈ। ਦੂਜੇ ਅਣਪਛਾਤੇ ਸ਼ਖਸ ਦੀ ਅਜੇ ਪਛਾਣ ਨਹੀਂ ਹੋ ਸਕੀ ਹੈ। ਪੁਲਿਸ ਨੇ ਦੱਸਿਆ ਕਿ ਦੋਵੇਂ ਵਿਅਕਤੀ ਹਥਿਆਰਬੰਦ ਤੇ ਖਤਰਨਾਕ ਹੋ ਸਕਦੇ ਹਨ।

# ਦੋ ਵਾਹਨਾਂ ਦੀ ਟੱਕਰ ਵਿੱਚ ਮੋਟਰਸਾਈਕਲਿਸਟ ਦੀ ਹੋਈ ਮੌਤ



ਮਾਰਖਮ, 1 ਸਤੰਬਰ (ਪੋਸਟ ਬਿਊਰੋ) : ਮਾਰਖਮ ਵਿੱਚ ਦੋ ਵਾਹਨਾਂ ਦੀ ਟੱਕਰ ਵਿੱਚ ਇੱਕ ਮੋਟਰਸਾਈਕਲਿਸਟ ਦੀ ਮੌਤ ਹੋ ਗਈ।

ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਵੀਰਵਾਰ ਰਾਤ ਨੂੰ 7:00 ਵਜੇ ਦੇ ਨੇੜੇ ਤੇੜੇ ਉਨ੍ਹਾਂ ਨੂੰ ਹਾਈਵੇਅ 497 ਦੇ ਦੱਖਣ ਵੱਲ 14 ਐਵਨਿਊ ਤੇ ਰੀਜ਼ਰ ਰੋਡ ਵਾਲੇ ਇੰਟਰਸੈਕਸ਼ਨ ਉੱਤੇ ਸੱਦਿਆ ਗਿਆ।

ਪੈਰਾਮੈਡਿਕਸ ਵੱਲੋਂ ਮੋਟਰਸਾਈਕਲਿਸਟ ਨੂੰ ਗੰਭੀਰ ਜ਼ਖ਼ਮੀ ਹਾਲਤ ਵਿੱਚ ਟਰੌਮਾ ਸੈਂਟਰ ਲਿਜ-ਾਇਆ ਗਿਆ ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਜਿਸ ਵੈਨ ਨਾਲ ਹਾਦਸਾ ਪੇਸ਼ ਆਇਆ ਉਸ ਵੈਨ ਦਾ ਡਰਾਈਵਰ ਮੌਕੇ ਉੱਤੇ ਬਣਿਆ ਰਿਹਾ।

# ਲੀਡਰਸ਼ਿਪ ਹਾਸਲ ਕਰਨ ਲਈ ਮੇਅ ਨੇ ਮੁੜ ਲਾਂਚ ਕੀਤੀ ਆਪਣੀ ਦਾਅਵੇਦਾਰੀ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਐਲਿਜ਼ਾਬੈੱਥ ਮੇਅ ਨੇ ਬੁੱਧਵਾਰ ਨੂੰ ਫੈਡਰਲ ਗ੍ਰੀਨ ਪਾਰਟੀ ਦੀ ਲੀਡਰਸ਼ਿਪ ਹਾਸਲ ਕਰਨ ਲਈ ਆਪਣੀ ਦਾਅਵੇਦਾਰੀ ਮੁੜ ਲਾਂਚ ਕੀਤੀ।ਇਸ ਮੌਕੇ ਉਨ੍ਹਾਂ ਆਖਿਆ ਕਿ ਉਹ ਪਾਰਟੀ ਦਾ ਪੁਨਰ ਨਿਰਮਾਣ ਕਰਨਾ ਚਾਹੁੰਦੀ ਹੈ ਤੇ ਇਸ ਨੂੰ ਇੱਕ ਪ੍ਰਭਾਵਸ਼ਾਲੀ ਸਿਆਸੀ ਤਾਕਤ ਬਣਾਉਣਾ ਚਾਹੁੰਦੀ ਹੈ। ਉਹ ਇਹ ਵੀ ਚਾਹੁੰਦੀ ਹੈ ਕਿ ਪਾਰਟੀ ਕਲਾਈਮੇਟ ਚੇਂਜ ਦੇ ਸਬੰਧ ਵਿੱਚ ਆਪਣੀ ਲੜਾਈ ਜਾਰੀ ਰੱਖੇ।



2019 ਵਿੱਚ ਗ੍ਰੀਨ ਪਾਰਟੀ ਦੀ ਆਗੂ ਦੇ ਅਹੁਦੇ ਤੋਂ ਪਾਸੇ ਹੋਣ ਵਾਲੀ ਮੇਅ, ਜੌਨਾਥਨ ਪੈਡਨਾਲਟ ਨਾਲ ਸਾਂਝੀ ਟਿਕਟ ਉੱਤੇ ਚੋਣ ਲੜੇਗੀ। ਪੈਡਨਾਲਟ ਸੰਕਟ ਵਾਲੇ ਹਾਲਾਤ ਨਾਲ ਨਜਿੱਠਣ ਸਬੰਧੀ ਮਾਹਰ ਹਨ ਜਿਹੜੇ ਅਫਗਾਨਿਸਤਾਨ ਸਮੇਤ ਜੰਗ ਵਾਲੇ ਇਲਾਕਿਆਂ ਵਿੱਚ ਹੋਣ ਵਾਲੇ ਦੁਰਵਿਵਹਾਰ ਦੀ ਜਾਂਚ ਕਰਦੇ ਰਹੇ ਹਨ।ਸਿਡਨੀ, ਬੀਸੀ ਵਿੱਚ ਬੁੱਧਵਾਰ ਨੂੰ ਆਪਣੀ ਕੈਂਪੇਨ ਲਾਂਚ ਕਰਦਿਆਂ ਦੋਵਾਂ ਆਗੂਆਂ ਨੇ ਇਹ ਤਹੱਈਆ ਪ੍ਰਗਟਾਇਆ ਕਿ ਜੇ ਉਹ ਜਿੱਤ ਜਾਂਦੇ ਹਨ ਤਾਂ ਦੂਜੇ ਨੂੰ ਆਪਣਾ ਡਿਪਟੀ ਆਗੂ ਬਣਾਉਣਗੇ।ਇਸ ਤੋਂ ਇਲਾਵਾ ਦੋਵਾਂ ਆਗੂਆਂ ਨੇ ਪਾਰਟੀ ਦੇ ਸੰਵਿਧਾਨ ਵਿੱਚ ਸਾਂਝੀ ਲੀਡਰਸ਼ਿਪ ਨੂੰ ਅਹਿਮ ਸਥਾਨ ਦੇਣ ਦਾ ਵਾਅਦਾ ਵੀ ਕੀਤਾ।

ਹਾਊਸ ਆਫ ਕਾਮਨਜ਼ ਵਿੱਚ ਮੌਜੂਦਾ ਦੋ ਗ੍ਰੀਨ ਐਮਪੀਜ਼ ਵਿੱਚੋਂ ਇੱਕ, ਮੇਅ ਨੇ ਆਖਿਆ ਕਿ ਪਾਰਟੀ ਇਸ ਸਮੇਂ ਵੱਡੇ ਸੰਕਟ ਵਿੱਚੋਂ ਲੰਘ ਰਹੀ ਹੈ ਤੇ ਇਸ ਸਬੰਧ ਵਿੱਚ ਪਾਰਟੀ ਲਈ ਕੁੱਝ ਕਰਨ ਦੀ ਉਨ੍ਹਾਂ ਦੀ ਜ਼ਿੰਮੇਵਾਰੀ ਬਣਦੀ ਹੈ।ਉਨ੍ਹਾਂ ਆਖਿਆ ਕਿ ਉਨ੍ਹਾਂ ਤੋਂ ਗਲਤੀਆਂ ਹੋਈਆਂ ਹਨ ਤੇ ਇਸ ਲਈ ਉਹ ਮੁਆਫੀ ਮੰਗਦੀ ਹੈ। ਪਿਛਲੇ ਦੋ ਸਾਲ ਉਨ੍ਹਾਂ ਸਾਰਿਆਂ ਲਈ ਕਾਫੀ ਮੁਸ਼ਕਲਾਂ ਭਰੇ ਰਹੇ।

# ਮਾਰਖਮ ਦੇ ਰੈਸਟੋਰੈਂਟ ਵਿੱਚ ਵਰਤੇ ਜਾਣ ਵਾਲੇ ਪਾਊਡਰ ਵਿੱਚ ਪਾਇਆ ਗਿਆ ਐਕੋਨਾਈਟ ਟੌਕਸਿਨ

ਮਾਰਖਮ, 1 ਸਤੰਬਰ (ਪੋਸਟ ਬਿਊਰੋ) : ਯੌਰਕ ਰੀਜਨ ਪਬਲਿਕ ਹੈਲਥ ਵੱਲੋਂ ਮਾਰਖਮ ਦੇ ਰੈਸਟੋਰੈਂਟ ਵਿਖੇ ਖਾਣਾ ਖਾਣ ਕਾਰਨ ਬਿਮਾਰ ਪਏ ਲੋਕਾਂ ਦੇ ਮਾਮਲੇ ਵਿੱਚ ਜ਼ਹਿਰੀਲੇ ਸਰੋਤ ਦਾ ਪਤਾ ਲਾਉਣ ਦੀ ਪੁਸ਼ਟੀ ਕੀਤੀ ਗਈ ਹੈ। ਏਜੰਸੀ ਦਾ ਕਹਿਣਾ ਹੈ ਕਿ ਰੈਸਟੋਰੈਂਟ ਵੱਲੋਂ ਵਰਤੇ ਜਾਣ ਵਾਲੇ ਪਾਊਡਰ ਵਿੱਚ ਐਕੋਨਾਈਟ ਟੌਕਸਿਨ ਪਾਇਆ ਗਿਆ ਹੈ।

ਯੌਰਕ ਰੀਜਨ ਮੈਡੀਕਲ ਆਫੀਸਰ ਆਫ ਹੈਲਥ ਡਾ. ਬੈਰੀ ਪਾਕਸ ਨੇ ਆਖਿਆ ਕਿ ਯੌਰਕ ਰੀਜਨ ਪਬਲਿਕ ਹੈਲਥ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਜਾਂਦੀ ਹੈ ਕਿ ਰੈਸਟੋਰੈਂਟ ਵਿੱਚ ਵਰਤੇ ਜਾਣ ਵਾਲੇ ਮਿਸਟਰ. ਰਾਈਟ ਬ੍ਰੈਂਡ ਦੇ ਕੀਮਪਫੇਰੀਆ ਗੈਲਾਂਗਾ ਪਾਊਡਰ ਦੀ ਵਰਤੋਂ ਕਾਰਨ ਹੀ ਲੋਕ ਬਿਮਾਰ ਪਏ। ਉਨ੍ਹਾਂ ਦੱਸਿਆ ਕਿ ਇਸ ਪਾਊਡਰ ਦੀ ਪੈਕੇਜਿੰਗ ਉੱਤੇ



ਏਟੀ154 ਕੋਡ ਨੰਬਰ ਦਰਜ ਹੈ। ਇਸੇ ਬ੍ਰੈਂਡ ਦੇ ਇਸ ਪਾਊਡਰ ਨਾਲ ਸਬੰਧਤ ਹੋਰ ਸੈਂਪਲ ਭਾਵੇਂ ਨੈਗੇਟਿਵ ਆਏ ਹਨ ਪਰ ਸਿਹਤ ਅਧਿਕਾਰੀਆਂ ਵੱਲੋਂ ਲੋਕਾਂ ਨੂੰ ਇਹ ਸਲਾਹ ਦਿੱਤੀ ਗਈ ਹੈ ਕਿ ਇਸ ਪਾਊਡਰ ਦੀ ਵਰਤੋਂ ਨਾ ਕੀਤੀ ਜਾਵੇ।

ਪਬਲਿਕ ਹੈਲਥ ਨੇ ਦੱਸਿਆ ਕਿ ਇਸ ਪ੍ਰੋਡਕਟ ਦੇ ਵਿਕਰੇਤਾ ਵੱਲੋਂ ਵਾਲੰਟੀਅਰ ਤੌਰ ਉੱਤੇ ਮਿਸਟਰ.ਰਾਈਟ ਬ੍ਰੈਂਡ ਦੇ ਕੀਮਪਫੇਰੀਆ ਗੈਲਾਂਗਾ ਪਾਊਡਰ ਦੇ ਪੈਕੇਜ ਵਾਪਿਸ ਮੰਗਵਾ ਲਏ ਗਏ ਹਨ।ਇਸ ਦੌਰਾਨ ਪਬਲਿਕ ਹੈਲਥ ਨੇ ਦੱਸਿਆ ਕਿ ਸਿਰਫ ਇੱਕ ਵਿਅਕਤੀ ਹੀ ਹਸਪਤਾਲ ਵਿੱਚ ਭਰਤੀ ਹੈ ਤੇ ਬਾਕੀ ਸਾਰੇ ਲੋਕ ਜਿਹੜੇ ਮਾਰਖਮ ਦੇ ਡਿਲਾਈਟ ਰੈਸਟੋਰੈਂਟ ਐਂਡ ਬਾਰਬੀਕਿਊ ਵਿੱਚ ਖਾਣਾ ਖਾ ਕੇ ਬਿਮਾਰ ਪਏ ਸਨ ਉਨ੍ਹਾਂ ਦੀ ਹਾਲਤ ਵਿੱਚ ਸੁਧਾਰ ਹੋ ਰਿਹਾ ਹੈ।

ਡਿਲਾਈਟ ਰੈਸਟੋਰੈਂਟ ਐਂਡ ਬਾਰਬੀਕਿਊ ਦੀ ਬੁੱਧਵਾਰ ਨੂੰ ਕੀਤੀ ਗਈ ਮੁੜ ਜਾਂਚ ਤੋਂ ਬਾਅਦ ਇਸ ਨੂੰ ਮੁੜ ਖੋਲ੍ਹੇ ਜਾਣ ਲਈ ਹਰੀ ਝੰਡੀ ਦੇ ਦਿੱਤੀ ਗਈ ਹੈ।



# ਬਰੈਂਪਟਨ ਵਿੱਚ ਹੋਈ ਲੜਾਈ ਵਿੱਚ ਚੱਲੀਆਂ ਤਲਵਾਰਾਂ



ਬਰੈਂਪਟਨ, 1 ਸਤੰਬਰ (ਪੋਸਟ ਬਿਊਰੋ) : ਬਰੈਂਪਟਨ ਵਿੱਚ ਦੋ ਧੜਿਆਂ ਵਿਚਾਲੇ ਹੋਈ ਲੜਾਈ ਵਿੱਚ ਤਲਵਾਰਾਂ ਚੱਲਣ ਤੋਂ ਬਾਅਦ ਪੀਲ ਰੀਜਨਲ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਇਸ ਘਟਨਾ ਦੀਆਂ ਹੋਰ ਵੀਡੀਓਜ਼ ਦੀ ਭਾਲ ਕਰ ਰਹੀ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਹਿੰਸਕ ਘਟਨਾ ਸ਼ੈਰੀਡਨ ਕਾਲਜ ਦੇ ਡੇਵਿਸ ਕੈਂਪਸ ਨੇੜੇ ਮੈਕਲਾਫਲਿਨ ਰੋਡ ਤੇ ਸਟੀਲਜ਼ ਐਵਨਿਊ ਵੈਸਟ ਦੇ ਪਾਰਕਿੰਗ ਲੌਟ ਵਿੱਚ ਰਾਤੀਂ 1:30 ਵਜੇ ਦੇ ਨੇੜੇ ਤੇੜੇ ਵਾਪਰੀ। ਹਾਸਲ ਹੋਈ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਇੱਕ ਵਿਅਕਤੀ ਨੇ ਹੱਥ ਵਿੱਚ ਤਲਵਾਰ ਵਰਗੀ ਕੋਈ ਚੀਜ਼ ਫੜੀ ਹੋਈ ਹੈ ਤੇ ਉਹ ਉਸ ਨੂੰ ਹਵਾ ਵਿੱਚ ਲਹਿਰਾ ਰਿਹਾ ਹੈ।


ਪੀਲ ਰੀਜਨਲ ਪੁਲਿਸ ਦੇ ਬੁਲਾਰੇ ਨੇ ਆਖਿਆ ਕਿ ਸੋਸ਼ਲ ਮੀਡੀਆ ਉੱਤੇ ਸਰਕੂਲੇਟ ਹੋ ਰਹੀ ਇਸ ਤਰ੍ਹਾਂ ਦੀ ਵੀਡੀਓ ਬਾਰੇ ਸਾਨੂੰ ਪਤਾ ਹੈ। ਉਨ੍ਹਾਂ ਆਖਿਆ ਕਿ ਜੇ ਕਿਸੇ ਵਿਅਕਤੀ ਕੋਲ ਇਸ ਸਬੰਧ ਵਿੱਚ ਕੋਈ ਹੋਰ ਫੁਟੇਜ ਜਾਂ ਜਾਣਕਾਰੀ ਹੈ ਤਾਂ ਉਹ ਸਾਨੂੰ ਸੰਪਰਕ ਕਰ ਸਕਦਾ ਹੈ।

ਪੁਲਿਸ ਨੇ ਦੱਸਿਆ ਕਿ ਇਸ ਘਟਨਾ ਵਿੱਚ ਕਈ ਲੋਕ ਸ਼ਾਮਲ ਸਨ ਤੇ ਕਈਆਂ ਵੱਲੋਂ ਇੱਕ ਦੂਜੇ ਨੂੰ ਕੁੱਟਿਆ ਮਾਰਿਆ ਗਿਆ। ਉਨ੍ਹਾਂ ਆਖਿਆ ਕਿ ਇਸ ਝਗੜੇ ਕਾਰਨ ਕਈ ਲੋਕਾਂ ਨੂੰ ਸੱਟਾਂ ਵੀ ਲੱਗੀਆਂ ਹਨ ਪਰ ਉਹ ਜਾਨਲੇਵਾ ਨਹੀਂ ਹਨ।

# ਕੋਵਿਡ-19 ਦੀ ਬੂਸਟਰ ਡੋਜ਼ ਨੂੰ ਲੈ ਕੇ ਇੱਕ ਰਾਇ ਨਹੀਂ ਰੱਖਦੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਵੈਸਟਰਨ ਯੂਨੀਵਰਸਿਟੀ ਵੱਲੋਂ ਆਪਣੇ ਸਟਾਫ ਤੇ ਵਿਦਿਆਰਥੀਆਂ ਲਈ ਬੂਸਟਰ ਦੀ ਡੋਜ਼ ਲਾਜ਼ਮੀ ਕੀਤੀ ਗਈ ਹੈ ਪਰ ਸਾਰੇ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਇਸ ਡੋਜ਼ ਦੇ ਫਾਇਦਿਆਂ ਨਾਲ ਇਤਫਾਕ ਨਹੀਂ ਰੱਖਦੇ। ਯੂਨੀਵਰਸਿਟੀ ਦਾ ਕਹਿਣਾ ਹੈ ਕਿ ਬੂਸਟਰ ਡੋਜ਼ ਲਵਾਉਣ ਨਾਲ ਇਸ ਸਾਲ ਕੈਂਪਸ ਉੱਤੇ ਕੋਵਿਡ-19 ਫੈਲਣ ਦਾ ਖਤਰਾ ਘੱਟ ਰਹੇਗਾ।

ਮੈਕਮਾਸਟਰ ਯੂਨੀਵਰਸਿਟੀ ਦੀ ਇਨਫੈਕਸ਼ੀਅਸ ਡਜ਼ੀਜ਼ ਮਾਹਿਰ ਡਾ. ਮਾਰਥਾ ਫੁਲਫੋਰਡ ਦਾ ਕਹਿਣਾ ਹੈ ਕਿ ਉਹ ਵੈਕਸੀਨ ਦੀ ਸਮੁੱਚੀ ਮੈਡੀਕਲ ਅਹਿਮੀਅਤ ਨੂੰ ਸਮਝਦੀ ਹੈ ਪਰ ਪਬਲਿਕ ਹੈਲਥ ਲਈ ਬੂਸਟਰ ਸ਼ੌਟਸ ਨੂੰ ਲਾਜ਼ਮੀ ਕੀਤੇ ਜਾਣ ਨਾਲ ਸਹਿਮਤ ਨਹੀਂ ਹੈ। ਉਨ੍ਹਾਂ ਇਹ ਵੀ ਆਖਿਆ ਕਿ ਬੂਸਟਰ ਸ਼ੌਟ ਲਵਾਉਣਾ ਚਾਹੀਦਾ ਹੈ ਜਾਂ




ਨਹੀਂ ਇਹ ਫੈਸਲਾ ਹਰੇਕ ਵਿਅਕਤੀ ਦਾ ਨਿਜੀ ਮਾਮਲਾ ਹੋਣਾ ਚਾਹੀਦਾ ਹੈ। ਉਨ੍ਹਾਂ ਓਮਾਇਕ੍ਰੌਨ ਤੇ ਸਬ ਵੇਰੀਐਂਟਸ ਦੇ ਫੈਲਣ ਦਾ ਹਵਾਲਾ ਦਿੰਦਿਆਂ ਆਖਿਆ ਕਿ ਇਹ ਸਪਸ਼ਟ ਹੋ ਚੁੱਕਿਆ ਹੈ ਕਿ ਕੋਵਿਡ ਵੈਕਸੀਨਜ਼ ਇਸ ਨੂੰ ਅੱਗੇ ਫੈਲਣ ਤੋਂ ਨਹੀਂ ਰੋਕਦੀਆਂ। ਉਨ੍ਹਾਂ ਆਖਿਆ ਕਿ ਪਬਲਿਕ ਹੈਲਥ ਦੀ ਭਲਾਈ ਲਈ ਬੂਸਟਰ ਸ਼ੌਟ ਨੂੰ ਲਾਜ਼ਮੀ ਕੀਤੇ ਜਾਣ ਨਾਲ ਕੁੱਝ ਸੰਵਰਨ ਨਹੀਂ ਵਾਲਾ।

ਉਨ੍ਹਾਂ ਅੱਗੇ ਆਖਿਆ ਕਿ ਬਜ਼ੁਰਗਾਂ, ਇਮਿਊਨੋ ਕੰਪਰੋਮਾਈਜ਼ਡ ਵਿਅਕਤੀਆਂ ਲਈ ਬੂਸਟਰ ਸ਼ੌਟ ਲਾਹੇਵੰਦ ਹੋ ਸਕਦੇ ਹਨ ਪਰ ਜਿਨ੍ਹਾਂ ਨੌਜਵਾਨਾਂ ਨੇ ਪਹਿਲਾਂ ਹੀ ਦੋ ਡੋਜ਼ਾਂ ਲਵਾ ਲਈਆਂ ਹਨ ਜਾਂ ਜਿਹੜਾ ਕੋਵਿਡ-19 ਤੋਂ ਰਿਕਵਰ ਕਰ ਚੁੱਕਿਆ ਹੈ, ਉਸ ਲਈ ਇਸ ਤਰ੍ਹਾਂ ਬੂਸਟਰ ਡੋਜ਼ ਦੀ ਕੋਈ ਲੋੜ ਨਹੀਂ।

ਦੂਜੇ ਪਾਸੇ ਡਲਹਾਊਜ਼ੀ ਯੂਨੀਵਰਸਿਟੀ ਦੀ ਐਸੋਸਿਏਟ ਪ੍ਰੋਫੈਸਰ ਆਫ ਪੈਡੀਐਟ੍ਰਿਕਸ, ਕਮਿਊਨਿਟੀ ਹੈਲਥ ਐਂਡ ਐਪਿਡੇਮੌਲੋਜੀ ਕਰੀਨਾ ਟੌਪ ਨੇ ਆਖਿਆ ਕਿ ਉਹ ਇਨ੍ਹਾਂ ਬੂਸਟਰ ਡੋਜ਼ਾਂ ਦੀ ਹਮਾਇਤ ਕਰਦੀ ਹੈ। ਵੈਸਟਰਨ ਦੇ ਪ੍ਰੋਵੋਸਟ ਤੇ ਵਾਈਸ ਪ੍ਰੈਜ਼ੀਡੈਂਟ ਫਲੋਰੈਂਟਾਈਨ ਨੇ ਆਖਿਆ ਕਿ ਉਨ੍ਹਾਂ ਦੀ ਯੂਨੀਵਰਸਿਟੀ ਵੱਲੋਂ ਸਟਾਫ ਤੇ ਬੱਚਿਆਂ ਨੂੰ ਇਸ ਸਾਲ ਵੈਕਸੀਨ ਦੀ ਬੂਸਟਰ ਡੋਜ਼ ਦੇਣ ਦਾ ਫੈਸਲਾ ਬਹੁਤ ਸੋਚ ਵਿਚਾਰ ਤੋਂ ਬਾਅਦ ਤੇ ਮਾਹਿਰਾਂ ਦੀ ਰਾਇ ਅਨੁਸਾਰ ਹੀ ਲਿਆ ਗਿਆ ਹੈ।

# ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਦੇ ਮੁੱਦੇ ਉੱਤੇ ਵਿਚਾਰ ਕਰ ਰਹੀ ਹੈ ਸਰਕਾਰ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਦਾ ਕਹਿਣਾ ਹੈ ਕਿ ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਦੇ ਮਾਮਲੇ ਉੱਤੇ ਸਰਕਾਰ ਵਿਚਾਰ ਕਰ ਰਹੀ ਹੈ। ਉਨ੍ਹਾਂ ਆਖਿਆ ਕਿ ਕਈ ਸਿਆਸਤਦਾਨਾਂ ਨੂੰ ਜਿਵੇਂ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ ਜਾਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਉਹ ਜਮਹੂਰੀਅਤ ਨੂੰ ਖਤਰੇ ਤੋਂ ਇਲਾਵਾ ਕੁੱਝ ਨਹੀਂ। ਉਨ੍ਹਾਂ ਇਹ ਵੀ ਆਖਿਆ ਕਿ ਜਿਵੇਂ ਸਕਿਊਰਿਟੀ ਵਾਲੇ ਹਾਲਾਤ ਗੁੰਝਲਦਾਰ ਹੁੰਦੇ ਜਾ ਰਹੇ ਹਨ, ਅਜਿਹੇ ਵਿੱਚ ਤਾਪਮਾਨ ਨੂੰ ਥੋੜ੍ਹਾ ਘੱਟ ਕਰਨ ਦੀ ਲੋੜ ਹੈ।

ਜ਼ਿਕਰਯੋਗ ਹੈ ਕਿ ਅਲਬਰਟਾ ਵਿੱਚ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਪਰੇਸ਼ਾਨ ਕੀਤੇ ਜਾਣ ਦਾ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸਰਕਾਰ ਵੱਲੋਂ ਸਿਆਸਤਦਾਨਾਂ ਦੀ ਸਕਿਊਰਿਟੀ ਵਧਾਉਣ ਉੱਤੇ ਚਰਚਾ ਕੀਤੀ ਜਾ ਰਹੀ ਹੈ। ਇਸ ਵੀਡੀਓ ਵਿੱਚ ਇੱਕ ਵਿਅਕਤੀ ਗ੍ਰੈਂਡ ਪ੍ਰੇਰੀ, ਅਲਬਰਟਾ ਦੇ ਸਿਟੀ ਹਾਲ ਵਿੱਚ ਫਰੀਲੈਂਡ ਤੇ ਉਨ੍ਹਾਂ ਦੇ ਸਟਾਫ ਵੱਲੋਂ ਇੱਕ ਐਲੇਵੇਟਰ ਵਿੱਚ ਚੜ੍ਹਨ ਤੋਂ ਪਹਿਲਾਂ ਉਨ੍ਹਾਂ ਨੂੰ ਗਾਲਾਂ ਕੱਢਦਾ ਤੇ ਧਮਕੀਆਂ ਦਿੰਦਾ ਨਜ਼ਰ ਆ ਰਿਹਾ ਹੈ।



ਮੈਂਡੀਸਿਨੋ ਨੇ ਆਖਿਆ ਕਿ ਮੰਤਰੀਆਂ ਨੂੰ ਇਸ ਤਰ੍ਹਾਂ ਤੰਗ ਪਰੇਸ਼ਾਨ ਕਰਨਾ ਤੇ ਧਮਕੀਆਂ ਦਿੱਤਾ ਜਾਣਾ ਪੱਖਪਾਤ ਵਾਲਾ ਮੁੱਦਾ ਨਹੀਂ ਹੈ। ਅਸੀਂ ਵੇਖ ਰਹੇ ਹਾਂ ਕਿ ਮਹਿਲਾਵਾਂ, ਹੋਰ ਨਸਲਾਂ ਨਾਲ ਸਬੰਧਤ ਕੈਨੇਡੀਅਨਜ਼ ਤੇ ਇੰਡੀਜੀਨਸ ਲੋਕਾਂ ਖਿਲਾਫ ਇਸ ਤਰ੍ਹਾਂ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਫਰੀਲੈਂਡ ਨਾਲ ਵਾਪਰੀ ਇਸ ਤਰ੍ਹਾਂ ਦੀ ਘਟਨਾ ਦੀ ਸਾਰੀਆਂ ਪਾਰਟੀਆਂ ਦੇ ਆਗੂਆਂ ਵੱਲੋਂ ਨਿੰਦਾ ਕੀਤੀ ਗਈ ਤੇ ਕਈਆਂ ਨੇ ਤਾਂ ਖੁਦ ਨਾਲ ਵਾਪਰੀਆਂ ਇਸ ਤਰ੍ਹਾਂ ਦੀਆਂ ਘਟਨਾਵਾਂ ਬਾਰੇ ਵੀ ਦੱਸਿਆ। ਇਸ ਦੌਰਾਨ ਮਨਿਸਟਰ ਆਫ ਵੂਮਨ ਐਂਡ ਜੈਂਡਰ ਇਕੁਆਲਿਟੀ ਮਾਰਸੀ ਲੇਨ ਨੇ ਆਖਿਆ ਕਿ ਇਹ ਸੱਭ ਸੱਚਮੁੱਚ ਵਾਪਰ ਰਿਹਾ ਹੈ ਤੇ ਉਨ੍ਹਾਂ ਆਖਿਆ ਕਿ ਉਹ ਪਹਿਲਾਂ ਜਰਨਲਿਸਟ ਸੀ ਤੇ ਫਿਰ ਸੱਤਾ ਵਿੱਚ ਆਈ। ਦੋਵਾਂ ਖੇਤਰਾਂ ਵਿੱਚ ਹੀ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਮਿਲਦੀਆਂ ਰਹੀਆਂ ਹਨ। ਮਨਿਸਟਰ ਆਫ ਫੈਮਿਲੀਜ਼, ਚਿਲਡਰਨ ਐਂਡ ਸੋਸ਼ਲ ਡਿਵੈਲਪਮੈਂਟ ਕਰੀਨਾ ਗੋਲਡ ਨੇ ਵੀ ਇਸ ਤਰ੍ਹਾਂ ਦੀਆਂ ਧਮਕੀਆਂ ਮਿਲਣ ਤੇ ਸਰਕਾਰ ਦੀ ਚਿੰਤਾ ਨੂੰ ਜਾਇਜ਼ ਦੱਸਿਆ। ਉਨ੍ਹਾਂ ਆਖਿਆ ਕਿ ਬੜੇ ਦੁਖ ਵਾਲੀ ਗੱਲ ਹੈ ਕਿ ਸਾਨੂੰ ਕੈਨੇਡਾ ਵਰਗੇ ਦੇਸ਼ ਵਿੱਚ ਇਸ ਤਰ੍ਹਾਂ ਦੇ ਮੁੱਦੇ ਉੱਤੇ ਗੱਲ ਕਰਨੀ ਪੈ ਰਹੀ ਹੈ। ਸਾਬਕਾ ਫਿਸ਼ਰੀਜ਼, ਓਸ਼ਨਜ਼ ਤੇ ਕੈਨੇਡੀਅਨ ਕੋਸਟ ਗਾਰਡ ਮੰਤਰੀ ਬਰਨਾਡੈਟ ਜੌਰਡਨ ਨੇ ਆਖਿਆ ਕਿ ਹੈਰਾਨੀ ਵਾਲੀ ਗੱਲ ਇਹ ਹੈ ਕਿ ਸਾਨੂੰ ਸਿਆਸਤਦਾਨਾਂ ਦੀ ਸਕਿਊਰਿਟੀ ਬਾਰੇ ਗੱਲ ਕਰਨੀ ਪੈ ਰਹੀ ਹੈ।

ਜ਼ਿਕਰਯੋਗ ਹੈ ਕਿ ਇਹ ਕੋਈ ਨਵਾਂ ਮੁੱਦਾ ਨਹੀਂ ਹੈ। ਪਿੱਛੇ ਜਿਹੇ ਹੋਈਆਂ ਫੈਡਰਲ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੀਤੇ ਜਾ ਰਹੇ ਇੱਕ ਕੈਂਪੇਨ ਈਵੈਂਟ ਦੌਰਾਨ ਉਨ੍ਹਾਂ ਉੱਤੇ ਬੱਜਰੀ ਸੁੱਟੀ ਗਈ ਸੀ। ਐਨਡੀਪੀ ਆਗੂ ਜਗਮੀਤ ਸਿੰਘ ਉੱਤੇ ਵੀ ਓਨਟਾਰੀਓ ਚੋਣ ਕੈਂਪੇਨ ਦੌਰਾਨ ਮੁਜ਼ਾਹਰਾਕਾਰੀਆਂ ਵੱਲੋਂ ਗਲਤ ਫਬਤੀਆਂ ਕੱਸੀਆਂ ਗਈਆਂ ਸਨ।

# ਟੀਡੀ ਬੈਂਕ ਨੇ 2023 ਵਿਚ ਘਰਾਂ ਦੀਆਂ ਕੀਮਤਾਂ 25 ਫੀ ਸਦੀ ਤੱਕ ਡਿੱਗਣ ਦੀ ਕੀਤੀ ਪੇਸ਼ੀਨਿਗੋਈ

ਟੋਰਾਂਟੋ, 1 ਸਤੰਬਰ (ਪੋਸਟ ਬਿਊਰੋ) : ਟੀਡੀ ਬੈਂਕ ਦੀ ਰਿਪੋਰਟ ਮੁਤਾਬਕ ਕੈਨੇਡਾ ਵਿੱਚ ਘਰਾਂ ਦੀ ਔਸਤ ਕੀਮਤ ਇਸ ਸਾਲ ਦੇ ਸ਼ੁਰੂ ਵਿੱਚ ਰਹੀਆਂ ਕੀਮਤਾਂ ਨਾਲੋਂ 2023 ਦੀ ਪਹਿਲੀ ਤਿਮਾਹੀ ਤੱਕ 20 ਤੋਂ 25 ਫੀ ਸਦੀ ਤੱਕ ਘੱਟ ਸਕਦੀ ਹੈ।

ਸੋਮਵਾਰ ਨੂੰ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ ਮਾਰਗੇਜ ਤੇ ਵਿਆਜ਼ ਦਰਾਂ ਵਿੱਚ ਵਾਧਾ ਹੋਣ ਤੋਂ ਬਾਅਦ ਗਰਮੀਆਂ ਵਿੱਚ ਘਰਾਂ ਦੀਆਂ ਕੀਮਤਾਂ ਵਿੱਚ ਕੁੱਝ ਗਿਰਾਵਟ ਦਰਜ ਕੀਤੀ ਗਈ। ਕਈਆਂ ਨੂੰ ਉਮੀਦ ਹੈ ਕਿ ਇਹ ਗਿਰਾਵਟ ਇਸ ਸਾਲ ਦੇ ਅੰਤ ਤੇ ਸਰਦੀਆਂ ਤੱਕ ਇਸੇ ਤਰ੍ਹਾਂ ਜਾਰੀ ਰਹੇਗੀ।

ਕੈਨੇਡੀਅਨ ਰੀਅਲ ਅਸਟੇਟ ਐਸੋਸਿਏਸ਼ਨ (ਸੀਆਰਈਏ) ਦੇ ਤਾਜ਼ਾ ਡਾਟਾ ਅਨੁਸਾਰ ਜੁਲਾਈ ਵਿੱਚ ਘਰਾਂ ਦੀਆਂ ਕੀਮਤਾਂ 629,971 ਡਾਲਰ ਸਨ, ਜੋ ਕਿ ਪਿਛਲੇ ਸਾਲ ਜੁਲਾਈ ਵਿੱਚ 662,924 ਡਾਲਰ ਨਾਲੋਂ 5 ਫੀ ਸਦੀ ਘੱਟ ਸਨ। ਸੀਜ਼ਨਲ ਐਡਜਸਟਮੈਂਟ ਦੇ ਹਿਸਾਬ ਨਾਲ ਇਹ ਜੂਨ ਦੇ ਮਹੀਨੇ ਨਾਲੋਂ 3 ਫੀ ਸਦੀ ਘੱਟ ਭਾਵ 650,760 ਡਾਲਰ ਸਨ।




ਟੀਡੀ ਦੇ ਅਰਥਸ਼ਾਸਤਰੀ ਰਿਸ਼ੀ ਸੌਂਧੀ ਨੇ ਲਿਖਿਆ ਕਿ ਇਸ ਰਿਪੋਰਟ ਵਿੱਚ ਕੀਮਤਾਂ ਵਿੱਚ ਜਿਹੜੀ ਕਮੀ ਦਰਸਾਈ ਗਈ ਹੈ ਉਸ ਤਰ੍ਹਾਂ ਦੀ ਗਿਰਾਵਟ 1980ਵਿਆਂ ਵਿੱਚ ਵੀ ਆਈ ਸੀ ਜਦੋਂ ਡਾਟਾ ਇੱਕਠਾ ਕਰਨਾ ਸ਼ੁਰੂ ਕੀਤਾ ਗਿਆ ਸੀ ਪਰ ਮਹਾਂਮਾਰੀ ਦੌਰਾਨ ਇਨ੍ਹਾਂ ਘਰਾਂ ਦੀਆਂ ਕੀਮਤਾਂ ਵਿੱਚ ਬੇਹਿਸਾਬੇ ਢੰਗ ਨਾਲ ਵਾਧਾ ਦਰਜ ਕੀਤਾ ਗਿਆ। ਸੌਂਧੀ ਨੇ ਆਖਿਆ ਕਿ ਸੱਭ ਤੋਂ ਮਾੜੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ ਜੇ ਮੰਗ ਤੇ ਕੀਮਤਾਂ ਨੂੰ ਮੱਠਾ ਰੱਖਣ ਲਈ ਕੰਮ ਕੀਤਾ ਜਾਵੇ। ਐਨੀ ਤੇਜ਼ੀ ਨਾਲ ਘਰਾਂ ਦੀਆਂ ਕੀਮਤਾਂ ਕਈ ਦਹਾਕਿਆਂ ਵਿੱਚ ਪਹਿਲੀ ਵਾਰੀ ਇਸ ਵਾਰੀ ਵਧੀਆਂ, ਕੰਜ਼ਿਊਮਰਜ਼ ਦੀਆਂ ਆਮਦਨਾਂ ਵਿੱਚ ਵਾਧਾ ਦਰਜ ਕੀਤਾ ਗਿਆ ਤੇ ਲੋੜੋਂ ਵੱਧ ਬਚਤ ਦੇ ਨਾਲ ਨਾਲ ਨਵੀਂ ਤੇ ਰੀਸੇਲ ਮਾਰਕਿਟ ਦੀਆਂ ਘੱਟ ਲਿਸਟਾਂ ਆਦਿ।

ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਆਸ ਸੀ ਕਿ ਫਰਵਰੀ ਵਿੱਚ 817,253 ਡਾਲਰ ਤੱਕ ਵੱਧ ਰਹਿਣ ਤੋਂ ਬਾਅਦ 2023 ਦੇ ਅੰਤ ਤੱਕ ਇਨ੍ਹਾਂ ਕੀਮਤਾਂ ਵਿੱਚ 15 ਫੀ ਸਦੀ ਦੀ ਕਮੀ ਹੋਣ ਦੀ ਉਮੀਦ ਹੈ। ਪਰ ਹੁਣ ਇੱਕ ਵਾਰੀ ਮੁੜ ਐਡਜਸਟ ਕੀਤੀ ਗਈ ਕੌਮੀ ਔਸਤ ਅਨੁਸਾਰ ਇਨ੍ਹਾਂ ਕੀਮਤਾਂ ਵਿੱਚ 20 ਤੇ 25 ਫੀ ਸਦੀ ਕਮੀ ਆਵੇਗੀ।

# ਟਰਾਂਸਪੋਰਟ ਤੇ ਪਿੱਕਅੱਪ ਟਰੱਕ ਦੀ ਟੱਕਰ ਵਿੱਚ ਇੱਕ ਜ਼ਖ਼ਮੀ

ਮਿਸੀਸਾਗਾ, 1 ਸਤੰਬਰ (ਪੋਸਟ ਬਿਊਰੋ) : ਬੁੱਧਵਾਰ ਰਾਤ ਨੂੰ ਮਿਸੀਸਾਗਾ ਵਿੱਚ ਹਾਈਵੇਅ 401 ਉੱਤੇ ਹੋਏ ਹਾਦਸੇ ਕਾਰਨ ਇੱਕ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਇਹ ਹਾਦਸਾ ਹੁਰੋਂਨਤਾਰੀਓ ਸਟਰੀਟ ਤੇ ਮੈਵਿਸ ਰੋਡ ਦਰਮਿਆਨ ਪੱਛਮ ਵਾਲੀਆਂ 401 ਐਕਸਪ੍ਰੈੱਸ ਲੇਨਜ਼ ਉੱਤੇ ਰਾਤੀਂ 11:55 ਉੱਤੇ ਵਾਪ-



ਰਆ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਇੱਕ ਪਿੱਕਅੱਪ ਟਰੱਕ ਟਰਾਂਸਪੋਰਟ ਟਰੱਕ ਦੇ ਪਿਛਲੇ ਹਿੱਸੇ ਨਾਲ ਟਕਰਾਉਣ ਤੋਂ ਬਾਅਦ ਉਸ ਦੇ ਹੇਠਾਂ ਜਾ ਵੜਿਆ।

ਪੈਰਾਮੈਡਿਕਸ ਨੇ ਦੱਸਿਆ ਕਿ ਇਸ ਹਾਦਸੇ ਤੋਂ ਬਾਅਦ ਇੱਕ ਵਿਅਕਤੀ ਮਲਬੇ ਵਿੱਚ ਹੀ ਦੱਬ ਗਿਆ ਤੇ ਉਸ ਨੂੰ ਮਲਬੇ ਵਿੱਚੋਂ ਬਾਹਰ ਕੱਢਣ ਲਈ ਕ੍ਰਿਊ ਨੂੰ ਪਿੱਕਅੱਪ ਟਰੱਕ ਨੂੰ ਕੱਟਣਾ ਪਿਆ। ਉਸ ਨੂੰ ਨਾਜ਼ੁਕ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।




# ਰੋਜ਼ਾਨਾ ਸ਼ਰਾਬ ਦਾ ਇੱਕ ਪੈੱਗ ਪੀਣ ਨਾਲ ਪੈ ਸਕਦੇ ਹਨ ਲੈਣੇ ਦੇ ਦੇਣੇ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਨਵੇਂ ਵਿਸ਼ਲੇਸ਼ਣ ਤੋਂ ਸਾਹਮਣੇ ਆਇਆ ਹੈ ਕਿ ਰੋਜ਼ਾਨਾ ਸ਼ਰਾਬ ਦੀ ਜਿੰਨੀ ਮਾਤਰਾ ਨੂੰ ਪਹਿਲਾਂ ਲੈਣਾ ਸੁਰੱਖਿਅਤ ਤੇ ਸਿਹਤਮੰਦ ਦੱਸਿਆ ਗਿਆ ਸੀ, ਹੁਣ ਮਾਹਿਰਾਂ ਦਾ ਕਹਿਣਾ ਹੈ ਕਿ ਅਸਲ ਵਿੱਚ ਕਿਸੇ ਵੀ ਤਰ੍ਹਾਂ ਦੀ ਗੰਭੀਰ ਬਿਮਾਰੀ ਤੋਂ ਬਚਣ ਲਈ ਐਨੀ ਮਾਤਰਾ ਹਫਤੇ ਵਿੱਚ ਇੱਕ ਵਾਰੀ ਲੈਣੀ ਚਾਹੀਦੀ ਸੀ।

ਇੱਕ ਤਾਜ਼ਾ ਰਿਪੋਰਟ ਵਿੱਚ ਕੈਨੇਡੀਅਨ ਸੈਂਟਰ ਆਫ ਸਬਸਟਾਂਸ ਯੂਜ਼ ਐਂਡ ਐਡਿਕਸ਼ਨ (ਸੀਸੀਐਸਏ) ਨੇ ਆਖਿਆ ਕਿ ਰੋਜ਼ਾਨਾ ਸ਼ਰਾਬ ਦਾ ਇੱਕ ਪੈੱਗ ਲੈਣ ਨਾਲ ਕਈ ਤਰ੍ਹਾਂ ਦੇ ਸਿਹਤ ਸਬੰਧੀ ਖਤਰੇ ਜੁੜੇ ਹੋਏ ਹਨ। ਇਸ ਕਾਰਨ ਦਿਲ ਦੀਆਂ ਬਿਮਾਰੀਆਂ, ਸਟਰੋਕ ਤੇ ਕੈਂਸਰ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਲਈ ਇਨਸਾਨ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਂ ਤਾਂ ਦਾਰੂ ਪੀਣੀ ਹੀ ਨਹੀਂ ਚਾਹੀਦੀ ਨਹੀਂ ਤਾਂ ਹਫਤੇ ਵਿੱਚ ਦੋ ਡਰਿੰਕ ਲੈਣੇ ਚਾਹੀਦੇ ਹਨ।



ਨੌਰਥ ਅਮਰੀਕਾ ਵਿੱਚ ਆਮ ਤੌਰ ਉੱਤੇ ਐਲਕੋਹਲਿਕ ਪਦਾਰਥਾਂ ( ਜਿਵੇਂ ਬੀਅਰ, ਵਾਈਨ, ਕਾਕਟੇਲ) ਵਿੱਚ ਅੰਦਾਜ਼ਨ 14 ਗ੍ਰਾਮ ਸ਼ਰਾਬ ਹੁੰਦੀ ਹੈ। ਰੋਜ਼ਾਨਾ ਇੱਕ ਡਰਿੰਕ ਨਾਲ ਹਫਤੇ ਵਿੱਚ ਇੱਕ ਇਨਸਾਨ 98 ਗ੍ਰਾਮ ਸ਼ਰਾਬ ਦੀ ਖਪਤ ਕਰ ਲੈਂਦਾ ਹੈ। ਇਸੇ ਤਰਜ਼ ਉੱਤੇ ਹਫਤੇ ਵਿੱਚ ਛੇ ਡਰਿੰਕ ਲੈਣ ਨਾਲ ਕੋਈ ਵਿਅਕਤੀ ਸਿਹਤ ਸਮੱਸਿਆਵਾਂ ਸਹੇੜਨ ਲਈ ਹਾਈ ਰਿਸਕ ਬਣ ਜਾਂਦਾ ਹੈ। ਇਸ ਗਰੁੱਪ ਵੱਲੋਂ ਸ਼ਰਾਬ ਦੀ ਸੁਰੱਖਿਅਤ ਮਾਤਰਾ ਨੂੰ ਅਲਕੋ-ਹਲਿਕ ਡਰਿੰਕਸ ਉੱਤੇ ਲੇਬਲ ਕੀਤੇ ਜਾਣ ਦੀ ਮੰਗ ਵੀ ਕੀਤੀ ਜਾ ਰਹੀ ਹੈ।












# ਛੁਰੇਬਾਜ਼ੀ ਵਿੱਚ ਦੋ ਮਹਿਲਾਵਾਂ ਦੀ ਹੋਈ ਮੌਤ



ਟੋਰਾਂਟੋ, 1 ਸਤੰਬਰ (ਪੋਸਟ ਬਿਊਰੋ) : ਸ਼ੁੱਕਰਵਾਰ ਨੂੰ ਨੌਰਥ ਯੌਰਕ ਵਿੱਚ ਛੁਰੇਬਾਜ਼ੀ ਵਿੱਚ ਮਾਰੀਆਂ ਗਈਆਂ ਦੋ ਮਹਿਲਾਵਾਂ ਦੀ ਪੁਲਿਸ ਵੱਲੋਂ ਸ਼ਨਾਖ਼ਤ ਕਰ ਲਈ ਗਈ ਹੈ।

ਇਹ ਘਟਨਾ ਫਿੰਚ ਐਵਨਿਊ ਤੇ ਸ਼ੈਪਰਡ ਐਵਨਿਊ ਦਰਮਿਆਨ ਸਥਿਤ ਬਾਥਰਸਟ ਸਟਰੀਟ ਤੇ ਐਲਰਸਲੀ ਐਵਨਿਊ ਨੇੜੇ ਦੁਪਹਿਰੇ 3:30 ਵਜੇ ਵਾਪਰੀ। ਪੁਲਿਸ ਅਨੁਸਾਰ 46 ਸਾਲਾ ਵਿਅਕਤੀ, ਜਿਸ ਦੀ ਪਛਾਣ ਬਾਅਦ ਵਿੱਚ ਟੋਰਾਂਟੋ ਦੇ ਗੌਡਫਰੇ ਸਿਗ-ਓਡ ਵਜੋਂ ਕੀਤੀ ਗਈ, ਦਾ ਦੋ ਮਹਿਲਾਵਾਂ ਨਾਲ ਝਗੜਾ ਹੋ ਗਿਆ।

ਉਸ ਵਿਅਕਤੀ ਵੱਲੋਂ ਤੇਜ਼ ਧਾਰ ਹਥਿਆਰ ਨਾਲ ਦੋਵਾਂ ਮਹਿਲਾਵਾਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ। ਜਦੋਂ ਪੁਲਿਸ ਮੌਕੇ ਉੱਤੇ ਪਹੁੰਚੀ ਤਾਂ ਦੋਵਾਂ ਮਹਿਲਾਵਾਂ ਦੀ ਹਾਲਤ ਕਾਫੀ ਨਾਜ਼ੁਕ ਸੀ। ਉਨ੍ਹਾਂ ਦੀ ਜਾਨ ਬਚਾਉਣ ਦੀ ਕਾਫੀ ਕੋਸ਼ਿਸ਼ ਕੀਤੇ ਜਾਣ ਤੋਂ ਬਾਅਦ ਦੋਵਾਂ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਐਤਵਾਰ ਨੂੰ ਪੁਲਿਸ ਨੇ ਦੋਵਾਂ ਮ੍ਰਿਤਕ ਮਹਿਲਾਵਾਂ ਦੀ ਪਛਾਣ ਟੋਰਾਂਟੋ ਦੀਆਂ 44 ਸਾਲਾ ਐਲਵੀ ਸਿਗ-ਓਡ ਤੇ 20 ਸਾਲਾ ਐਂਜੈਲਿਕਾ ਸਿਗ-ਓਡ ਵਜੋਂ ਕੀਤੀ।

ਗੌਡਫਰੇ ਸਿਗ-ਓਡ ਨੂੰ ਮੌਕੇ ਤੋਂ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਸੈਕਿੰਡ ਡਿਗਰੀ ਮਰਡਰ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ ਹੈ।

# ਫਰੀਲੈਂਡ ਖਿਲਾਫ ਵਾਪਰੀ ਘਟਨਾ ਬਾਰੇ ਟਰੂਡੋ ਨੇ ਸਿਆਸੀ ਆਗੂਆਂ ਨੂੰ ਇਕਜੁੱਟ ਹੋਣ ਦਾ ਦਿੱਤਾ ਸੱਦਾ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਅਲਬਰਟਾ ਵਿੱਚ ਵਿੱਤ ਮੰਤਰੀ ਤੇ ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੂੰ ਹਿੰਸਕ ਧਮਕੀਆਂ ਦੇਣ ਤੇ ਗਾਲਾਂ ਕੱਢਣ ਵਰਗੀ ਵਾਪਰੀ ਘਟਨਾ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸਿਆਸੀ ਆਗੂਆਂ ਨੂੰ ਅਜਿਹੀ ਘਟਨਾ ਖਿਲਾਫ ਇੱਕਜੁੱਟ ਹੋਣ ਦਾ ਸੱਦਾ ਦਿੱਤਾ ਗਿਆ ਹੈ।

ਵੀਕੈਂਡ ਉੱਤੇ ਆਨਲਾਈਨ ਸਰਕੂਲੇਟ ਕੀਤੇ ਗਏ ਇੱਕ ਵੀਡੀਓ ਵਿੱਚ ਨਜ਼ਰ ਆ ਰਿਹਾ ਹੈ ਕਿ ਫਰੀਲੈਂਡ ਸ਼ੁੱਕਰਵਾਰ ਨੂੰ ਜਦੋਂ ਗ੍ਰੈਂਡ ਪ੍ਰੇਰੀਜ਼ ਦੇ ਸਿਟੀ ਹਾਲ ਵਿੱਚ ਦਾਖਲ ਹੋਣ ਲਈ ਲਿਫਟ ਵਿੱਚ ਚੜ੍ਹ ਰਹੀ



ਸੀ ਤਾਂ ਇੱਕ ਵਿਅਕਤੀ ਵੱਲੋਂ ਉਨ੍ਹਾਂ ਨੂੰ ਗਾਲਾਂ ਕੱਢੀਆਂ ਗਈਆਂ, ਧਮਕੀਆਂ ਦਿੱਤੀਆਂ ਗਈਆਂ ਤੇ ਗੱਦਾਰ ਕਹਿ ਕੇ ਸੱਦਿਆ ਗਿਆ।

ਐਤਵਾਰ ਨੂੰ ਐਲਜੀਬੀਟੀਕਿਊ ਕਮਿਊਨਿਟੀਜ਼ ਦੀ ਮਦਦ ਲਈ ਜਾਰੀ ਕੀਤੇ ਗਏ ਐਕਸ਼ਨ ਪਲੈਨ ਨੂੰ ਫੰਡ ਦੇਣ ਸਬੰਧੀ ਐਲਾਨ ਕਰਨ ਸਮੇਂ ਟਰੂਡੋ ਨੇ ਇਸ ਘਟਨਾ ਦਾ ਜ਼ਿਕਰ ਕੀਤਾ। ਉਨ੍ਹਾਂ ਆਖਿਆ ਕਿ ਜੋ ਕੁੱਝ ਫਰੀਲੈਂਡ ਨਾਲ ਹੋਇਆ ਉਹ ਇੱਕਲੀ-ਕਾਰੀ ਘਟਨਾ ਨਹੀਂ ਹੈ ਸਗੋਂ ਖਾਸਤੌਰ ਉੱਤੇ ਮਹਿਲਾਵਾਂ ਤੇ ਘੱਟ ਗਿਣਤੀਆਂ ਖਿਲਾਫ ਇਸ ਤਰ੍ਹਾਂ ਦੀਆਂ ਘਟਨਾਵਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ।

# ਕਾਰ ਹਾਦਸੇ ਵਿੱਚ ਛੇ ਹਲਾਕ

ਬੈਰੀ, 1 ਸਤੰਬਰ (ਪੋਸਟ ਬਿਊਰੋ) : ਲੈਕਰੌਸ ਦੇ ਖਿਡਾਰੀ ਤੋਂ ਕੋਚ ਬਣੇ ਲਿਊਕ ਵੈਸਟ ਤੋਂ ਇਲਾਵਾ ਪੰਜ ਹੋਰ ਨੌਜਵਾਨ ਖਿਡਾਰੀਆਂ ਦੇ ਸ਼ਨਿੱਚਰਵਾਰ ਨੂੰ ਲਾਪਤਾ ਹੋਣ ਦੀ ਰਿਪੋਰਟ ਮਿਲੀ ਸੀ ਪਰ ਇਨ੍ਹਾਂ ਸਾਰਿਆਂ ਦੇ ਬੈਰੀ, ਓਨਟਾਰੀਓ ਵਿੱਚ ਸਿੰਗਲ ਗੱਡੀ ਨੂੰ ਪੇਸ਼ ਆਏ ਹਾਦਸੇ ਵਿੱਚ ਮਾਰੇ ਜਾਣ ਦਾ ਖਦਸ਼ਾ ਹੈ।

ਐਤਵਾਰ ਨੂੰ ਤੜਕੇ 2:00 ਵਜੇ ਬੈਰੀ ਪੁਲਿਸ, ਮੈਕੇਅ ਰੋਡ ਤੇ ਕਾਊਂਟੀ ਰੋਡ 27 ਵਾਲੇ ਇਲਾਕੇ ਵਿੱਚ ਹਾਦਸੇ ਦੀ ਖਬਰ ਮਿਲਣ ਤੋਂ ਬਾਅਦ ਮੌਕੇ ਉੱਤੇ ਪਹੁੰਚੀ। ਬੈਰੀ ਪੁਲਿਸ ਸਰਵਿਸਿਜ਼ (ਬੀਪੀਐਸ) ਕਮਿਊਨਿਕੇਸ਼ਨਜ਼ ਕੋਆਰਡੀਨੇਟਰ ਜੈਨੇਟ ਮੇਅਜ਼ ਨੇ ਦੱਸਿਆ ਕਿ ਇਸ ਗੱਡੀ ਵਿੱਚ ਸਵਾਰ ਚਾਰ ਲੜਕਿਆਂ ਤੇ ਦੋ ਲੜਕੀਆਂ, ਜੋ ਕਿ ਆਪਣੇ 20ਵਿਆਂ ਵਿੱਚ ਸਨ, ਦੇ ਲਾਪਤਾ ਹੋਣ ਦੀ ਖਬਰ ਮਿਲੀ ਸੀ। ਹਾਦਸੇ ਦੇ ਸਬੰਧ ਵਿੱਚ ਬਹੁਤ ਘੱਟ ਜਾਣਕਾਰੀ ਰਲੀਜ਼ ਕੀਤੀ ਗਈ ਹੈ।

ਸਿਟੀ ਆਫ ਬੈਰੀ ਵੱਲੋਂ ਇਸ ਗੱਲ ਦੀ ਪੁਸ਼ਟੀ ਐਤਵਾਰ ਦੁਪਹਿਰ ਨੂੰ ਕੀਤੀ ਗਈ ਕਿ ਜਿਸ ਥਾਂ ਉੱਤੇ ਹਾਦਸਾ ਹੋਇਆ ਉਹ ਕੰਸਟ੍ਰਕਸ਼ਨ ਪ੍ਰੋਜੈਕਟ ਦਾ ਹਿੱਸਾ ਸੀ ਤੇ ਲੰਮੇਂ ਸਮੇਂ ਤੋਂ ਹੀ ਇਸ ਲਾਂਘੇ ਨੂੰ ਬੰਦ ਕਰਕੇ ਰੱਖਿਆ ਗਿਆ ਸੀ।

ਪੁਲਿਸ ਵੱਲੋਂ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਗਏ ਹਨ ਪਰ ਇਨ੍ਹਾਂ ਵਿੱਚੋਂ ਇੱਕ ਦੀ ਪਛਾਣ ਲੋਕਲ ਲੈਕਰੌਸ ਖਿਡਾਰੀ ਤੇ ਕੋਚ ਲਿਊਕ ਵੈਸਟ ਵਜੋਂ



ਹੋਈ ਦੱਸੀ ਜਾਂਦੀ ਹੈ। ਐਤਵਾਰ ਨੂੰ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੱਲੋਂ ਸੋਸ਼ਲ ਮੀਡੀਆ ਉੱਤੇ ਮ੍ਰਿਤਕਾਂ ਦੇ ਪਰਿਵਾਰਾਂ ਲਈ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਲੇਕ ਓਨਟਾਰੀਓ ਵਿੱਚ ਡੁੱਬਣ ਕਾਰਨ ਮਹਿਲਾ ਦੀ ਮੌਤ, ਬੱਚੇ ਨੂੰ ਬਚਾਇਆ ਗਿਆ




ਓਨਟਾਰੀਓ, 1 ਸਤੰਬਰ (ਪੋਸਟ ਬਿਊਰੋ) : ਸੋਮਵਾਰ ਨੂੰ ਓਕਵਿੱਲ ਵਿੱਚ ਲੇਕ ਓਨਟਾਰੀਓ ਦੇ ਪਾਣੀਆਂ ਵਿੱਚੋਂ ਇੱਕ ਮਹਿਲਾ ਤੇ 10 ਸਾਲਾ ਬੱਚੇ ਨੂੰ ਬਾਹਰ ਕੱਢਿਆ ਗਿਆ। ਇਸ ਘਟਨਾ ਵਿੱਚ ਮਹਿਲਾ ਦੀ ਮੌਤ ਹੋ ਗਈ ਜਦਕਿ ਬੱਚੇ ਨੂੰ ਬਚਾਅ ਲਿਆ ਗਿਆ।

ਕਿਸੇ ਮਹਿਲਾ ਤੇ ਬੱਚੇ ਦੇ ਪਾਣੀ ਵਿੱਚ ਡੁੱਬਣ ਦੀ ਖਬਰ ਦੇ ਕੇ ਹਾਲਟਨ ਪੁਲਿਸ ਨੂੰ ਸਵੇਰੇ 10:30 ਵਜੇ ਦੇ ਨੇੜੇ ਤੇੜੇ ਕੌਰੋਨੇਸ਼ਨ ਪਾਰਕ ਬੀਚ ਉੱਤੇ ਸੱਦਿਆ ਗਿਆ। ਮਰੀਨ ਯੂਨਿਟ ਨੇ ਦੱਸਿਆ ਕਿ ਉਹ ਬੱਚੇ ਨੂੰ ਬਚਾਉਣ ਵਿੱਚ ਤਾਂ ਕਾਮਯਾਬ ਹੋ ਗਏ ਪਰ ਪਾਣੀ ਵਿੱਚ ਡੁੱਬੀ ਮਹਿਲਾ ਨੂੰ ਬਚਾਉਣ ਲਈ ਫਾਇਰਫਾਈਟਰਜ਼ ਲੇਕ ਦੇ ਪਾਣੀਆਂ ਵਿੱਚ ਵੜੇ ਤਾਂ ਜ਼ਰੂਰ ਪਰ ਉਸ ਨੂੰ ਬਚਾਇਆ ਨਹੀਂ ਜਾ ਸਕਿਆ।

ਜਦੋਂ ਮਹਿਲਾ ਨੂੰ ਪਾਣੀ ਵਿੱਚੋਂ ਬਾਹਰ ਕੱਢਿਆ ਗਿਆ ਤਾਂ ਉਸ ਦਾ ਸਾਹ ਸੱਤ ਨਹੀਂ ਸੀ ਚੱਲ ਰਿਹਾ। ਉਸ ਨੂੰ ਸੀਪੀਆਰ ਦੇਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ ਜਿੱਥੇ ਬਾਅਦ ਵਿੱਚ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹਾਲਟਨ ਪੁਲਿਸ ਨੇ ਦੱਸਿਆ ਕਿ ਮਹਿਲਾ ਤੇ ਬੱਚਾ ਆਪਸ ਵਿੱਚ ਸਬੰਧਤ ਨਹੀਂ ਹਨ ਪਰ ਉਹ ਪਾਰਕ ਵਿੱਚ ਇੱਕਠੇ ਹੀ ਗਏ ਸਨ। 10 ਸਾਲਾ ਬੱਚੇ ਨੂੰ ਸ਼ਰੀਰਕ ਤੌਰ ਉੱਤੇ ਕੋਈ ਸੱਟ ਫੇਟ ਨਹੀਂ ਲੱਗੀ ਹੈ। ਹਾਲਟਨ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਹੜ੍ਹਾਂ, ਸੋਕਿਆਂ, ਤੂਫਾਨਾਂ ਕਾਰਨ ਕੈਨੇਡਾ ਦੇ ਅਰਥਚਾਰੇ ਨੂੰ 2050 ਤੱਕ ਹੋ ਸਕਦਾ ਹੈ 139 ਬਿਲੀਅਨ ਡਾਲਰ ਦਾ ਨੁਕਸਾਨ : ਰਿਪੋਰਟ

ਓਟਵਾ, 1 ਸਤੰਬਰ (ਪੋਸਟ ਬਿਊਰੋ) : ਕਲਾਈਮੇਟ ਦੇ ਆਧਾਰ ਉੱਤੇ ਕੀਤੇ ਗਏ ਵਿਸ਼ਲੇਸ਼ਣ ਵਿੱਚ ਇਹ ਪੇਸ਼ੀਨਿਗੋਈ ਕੀਤੀ ਗਈ ਹੈ ਕਿ ਹੜ੍ਹ, ਸੋਕੇ ਤੇ ਤੂਫਾਨਾਂ ਕਾਰਨ ਹਾਈਵੇਅਜ਼ ਤਬਾਹ ਹੋ ਜਾਣਗੇ, ਬਿਲਡਿੰਗਾਂ ਤੇ ਪਾਵਰ ਗਰਿੱਡ ਵੀ ਨੁਕਸਾਨੇ ਜਾਣਗੇ, ਜਿਸ ਨਾਲ ਕੈਨੇਡਾ ਦੇ ਅਰਥਚਾਰੇ ਨੂੰ ਅਗਲੇ 30 ਸਾਲਾਂ ਵਿੱਚ 139 ਬਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਐਕੁਆਨੌਮਿਕਸ ਸਿਰਲੇਖ ਹੇਠ ਇਹ ਰਿਪੋਰਟ ਜੀਐਚਡੀ ਵੱਲੋਂ ਅੱਜ ਛਾਪੀ ਗਈ ਹੈ। ਜੀਐਚਡੀ ਗਲੋਬਲ ਇੰਜੀਨੀਅਰਿੰਗ ਤੇ ਆਰਕੀਟੈਕਚਰ ਸੇਵਾਵਾਂ ਮੁਹੱਈਆ ਕਰਵਾਉਣ ਵਾਲੀ ਫਰਮ ਹੈ। ਜੀਐਚਡੀ ਦੇ ਕੈਨੇਡੀਅਨ ਵਾਟਰ ਲੀਡ ਡੌਨ ਹੌਲੈਂਡ ਨੇ ਦੱਸਿਆ ਕਿ ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ ਵਿੱਚ ਬਣੀ ਹੜ੍ਹਾਂ ਵਰਗੀ ਸਥਿਤੀ ਕਾਰਨ ਵੱਡੀ ਪੱਧਰ ਉੱਤੇ ਬਰਬਾਦੀ ਹੋਣ ਦੀਆਂ ਸੈਂਕੜੇ ਰਿਪੋਰਟਾਂ ਸਾਹਮਣੇ ਆਈਆਂ। ਇਸ ਰਿਪੋਰਟ ਵਿੱਚ ਆਰਥਿਕ ਉਤਪਾਦਕਤਾ ਨੂੰ ਪਹੁੰਚਣ ਵਾਲੇ ਘਾਟੇ ਦੀ ਗੱਲ ਕੀਤੀ ਗਈ ਹੈ। ਇਸ ਦੇ ਨਾਲ ਹੀ ਜਦੋਂ ਗੱਲ ਸਪਲਾਈ ਚੇਨ ਦੀ ਆਉਂਦੀ ਹੈ ਤਾਂ ਸਿਸਟਮ ਨੂੰ ਲੱਗਣ ਵਾਲੇ ਝਟਕੇ ਬਾਰੇ ਵੀ ਗੱਲ



ਕੀਤੀ ਗਈ ਹੈ।

ਇੱਕ ਇੰਟਰਵਿਊ ਵਿੱਚ ਉਨ੍ਹਾਂ ਆਖਿਆ ਕਿ ਇਹ ਰਿਪੋਰਟ ਦਰਸਾਉਂਦੀ ਹੈ ਕਿ ਹੁਣ ਤੇ 2050 ਦਰਮਿਆਨ ਪਾਣੀ ਨਾਲ ਸਬੰਧਤ ਕਲਾਈਮੇਟ ਤਬਾਹੀ ਕਾਰਨ ਉਤਪਾਦਨ ਤੇ ਵੰਡ ਸਿਸਟਮ ਨੂੰ ਕਾਫੀ ਨੁਕਸਾਨ ਹੋਵੇਗਾ। ਇਸ ਨਾਲ ਅਰਥਚਾਰੇ ਨੂੰ 64 ਬਿਲੀਅਨ ਡਾਲਰ ਦਾ ਘਾਟਾ ਪਵੇਗਾ ਜਾਂ ਉਤਪਾਦਨ ਖੇਤਰ ਨੂੰ 0.2 ਫੀ ਸਦੀ ਦਾ ਘਾਟਾ ਹੋਵੇਗਾ। ਰਿਪੋਰਟ ਵਿੱਚ ਆਖਿਆ ਗਿਆ ਹੈ ਕਿ ਜਿੱਥੇ ਸੋਕੇ ਪੈਣ ਨਾਲ ਸਿੱਧੇ ਤੌਰ ਉੱਤੇ ਇੰਡਸਟਰੀਅਲ ਉਤਪਾਦਨ ਦੇ ਰਾਹ ਵਿੱਚ ਅੜਿੱਕੇ ਆਉਣਗੇ, ਉੱਥੇ ਹੀ ਹੜ੍ਹਾਂ ਤੇ ਤੂਫਾਨ ਆਉਣ ਨਾਲ ਬਿਲਡਿੰਗਾਂ ਤੇ ਮਸ਼ੀਨਰੀ ਨੂੰ ਸਿੱਧੇ ਤੌਰ ਉੱਤੇ ਨੁਕਸਾਨ ਪਹੁੰਚੇਗਾ। ਇਸ ਨਾਲ ਪਾਵਰ ਸਪਲਾਈ ਠੱਪ ਹੋ ਜਾਵੇਗੀ ਤੇ ਫੈਕਟਰੀਆਂ ਬੰਦ ਹੋ ਜਾਣਗੀਆਂ।

# ਹਵਾ ਵਿੱਚ ਉੱਡਦੇ ਜਹਾਜ਼ ਵਿੱਚ ਦੋਵੇਂ ਪਾਇਲਟ ਹੱਥੋਪਾਈ ਹੋ ਗਏ



ਪੈਰਿਸ, 1 ਸਤੰਬਰ, (ਪੋਸਟ ਬਿਊਰੋ)- ਏਅਰ ਫਰਾਂਸ ਦੇ ਦੋ ਪਾਇਲਟ ਫਲਾਈਟ ਦੌਰਾਨ ਆਪੋਵਿੱਚ ਲੜੇ ਅਤੇ ਗੱਲ ਇੰਨੀ ਵਧ ਗਈ ਕਿ ਫਲਾਈਟ ਅਟੈਂਡੈਂਟ ਨੂੰ ਦੋਵਾਂ ਦੀ ਲੜਾਈ ਰੋਕਣ ਲਈ ਆਉਣਾ ਪਿਆ।

ਲਾ ਟ੍ਰਿਬਿਊਨ ਅਖਬਾਰ ਦੀ ਰਿਪੋਰਟ ਮੁਤਾਬਕ ਏਅਰ ਫਰਾਂਸ ਦੀ ਫਲਾਈਟ ਜਨੇਵਾ ਤੋਂ ਪੈਰਿਸ ਜਾਣੀ ਸੀ।ਜਦੋਂ ਜਹਾਜ਼ ਆਪਣੀ ਮਿਥੀ ਉਚਾਈ ਉੱਤੇਗਿਆ ਤਾਂ ਦੋਵਾਂ ਪਾਇਲਟਾਂ ਵਿੱਚ ਬ੍ਰੀਫਕੇਸ ਇਕ ਦੂਸਰੇ ਦੇ ਸਮਾਨ ਉੱਤੇ ਰੱਖਣ ਤੋਂ ਬਹਿਸ ਹੋ ਗਈ। ਜਦੋਂ ਇੱਕ ਪਾਇਲਟ ਨੇ ਦੂਸਰੇ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਗੱਲ ਹੋਰ ਵਿਗੜ ਕੇ ਜ਼ਬਾਨੀ ਜੰਗ ਹੱਥੋਪਾਈ ਤੱਕ ਚਲੀਗਈ। ਇੱਕ ਪਾਇਲਟ ਨੇ ਦੂਸਰੇ ਨੂੰ ਥੱਪੜ ਮਾਰ ਦਿੱਤਾ ਤਾਂ ਦੋਵਾਂ ਨੇ ਇੱਕ-ਦੂਸਰੇ ਦਾ ਕਾਲਰ ਫੜ ਲਿਆ ਤੇ ਕਾਕਪਿਟ ਦੇ ਅੰਦਰ ਲੜਨ ਲੱਗੇ। ਦੋਵਾਂ ਦੀ ਲੜਾਈ ਅਤੇ ਗਾਲ੍ਹਾਂ ਦੀ ਆਵਾਜ਼ ਇੰਨੀ ਉੱਚੀ ਸੀ ਕਿ ਫਲਾਈਟ ਅਟੈਂਡੈਂਟ ਤੋਂ ਲੈ ਕੇ ਯਾਤਰੀਆਂਤੱਕ ਦਹਿਸ਼ਤ ਫੈਲ ਗਈ।

ਇਸ ਮੌਕੇ ਮਾਮਲਾ ਵਿਗੜਦਾ ਦੇਖ ਕੇ ਫਲਾਈਟਵਿਚਲੇ ਕੈਬਿਨ ਕਰੂ ਮੈਂਬਰਾਂ ਨੇ ਦਖਲ ਦਿੱਤਾ।ਉਨ੍ਹਾਂ ਕਾਕਪਿਟ ਦਾ ਦਰਵਾਜ਼ਾ ਤੋੜ ਜੇ ਅੰਦਰ ਹੱਥੋਪਾਈ ਹੋਏ ਪਾਇਲਟਾਂ ਨੂੰ ਹਟਾਇਆ। ਬਾਕੀ ਸਫ਼ਰ ਪੂਰਾ ਕਰਨ ਲਈ ਦੋਵੇਂ ਪਾਇਲਟਾਂ ਨੂੰ ਨੇੜੇ ਬਿਠਾ ਦਿੱਤਾ ਗਿਆ ਅਤੇ ਦੁਬਾਰਾ ਉਲਝਣ ਤੋਂ ਰੋਕਣ ਲਈ ਉਨ੍ਹਾਂ ਪਿੱਛੇ ਇੱਕ ਤਾਕਤਵਰ ਕੈਬਿਨ ਕਰੂ ਮੈਂਬਰ ਬਿਠਾਇਆ। ਫਿਰ ਜਹਾਜ਼ ਆਪਣੀ ਮੰਜ਼ਿਲ ਪੈਰਿਸ ਹਵਾਈ ਅੱਡੇ ਉੱਤੇ ਸੁਰੱਖਿਅਤ ਉਤਰਨਵਿੱਚ ਕਾਮਯਾਬ ਰਿਹਾ।

ਏਅਰ ਫਰਾਂਸ ਦੇ ਬੁਲਾਰੇ ਨੇ ਕਾਕਪਿਟ ਵਿੱਚ ਪਾਇਲਟਾਂ ਦੇ ਝਗੜੇ ਨੂੰ 'ਅਸਲੋਂਅਯੋਗ ਵਿਹਾਰ' ਮੰਨ ਕੇ ਕਿਹਾ ਕਿ ਇਹ ਘਟਨਾ ਫਲਾਈਟ ਦੇ ਆਚਰਣ ਜਾਂ ਸੁਰੱਖਿਆ ਪ੍ਰਭਾਵਿਤ ਕੀਤੇ ਬਿਨਾਂ ਰੁਕ ਗਈ ਤੇ ਫਲਾਈਟ ਆਮ ਵਾਂਗ ਜਾਰੀ ਰਹੀ ਸੀ। ਫਰਾਂਸ ਦੀ ਸਿਵਲ ਐਵੀਏਸ਼ਨ ਸੇਫਟੀ ਇਨਵੈਸਟੀਗੇਸ਼ਨ ਅਥਾਰਟੀ ਦੀ ਮੁਤਾਬਕ ਪਾਇਲਟਾਂ ਨੂੰ ਜਾਂਚ ਦੌਰਾਨ ਸਸਪੈਂਡ ਕਰ ਦਿੱਤਾ ਗਿਆ ਹੈ। ਇਹ ਘਟਨਾ ਜੂਨ ਵਿੱਚ ਏਅਰਬੱਸ ਏ320 ਦੀ ਉਡਾਣ ਦੌਰਾਨ ਵਾਪਰੀ ਸੀ।

# ਪਾਰਕ ਕੀਤੀ ਗੱਡੀ ਨਾਲ ਟਕਰਾਉਣ ਕਾਰਨ ਮੋਟਰਸਾਈਕਲਿਸਟ ਜ਼ਖ਼ਮੀ



ਟੋਰਾਂਟੋ, 1 ਸਤੰਬਰ (ਪੋਸਟ ਬਿਊਰੋ) : ਹਾਈ ਪਾਰਕ ਨੇੜੇ ਪਾਰਕ ਕੀਤੀ ਗੱਡੀ ਨਾਲ ਟਕਰਾ ਜਾਣ ਕਾਰਨ ਇੱਕ ਮੋਟਰਸਾਈਕਲਿਸਟ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ। ਉਸ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਘਟਨਾ ਤੜਕੇ 3:00 ਵਜੇ ਬਲੂਅਰ ਸਟਰੀਟ ਤੇ ਕਿਊਬਿਕ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਵਾਪਰੀ। ਟੋਰਾਂਟੋ ਪੈਰਾਮੈਡਿਕਸ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇੱਕ ਵਿਅਕਤੀ, ਜੋ ਕਿ ਆਪਣੇ 50ਵਿਆਂ ਵਿੱਚ ਸੀ, ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਵੀ ਦਿੱਤੀ ਗਈ ਕਿ ਉਸ ਦੀਆਂ ਸੱਟਾਂ ਜਾਨਲੇਵਾ ਨਹੀਂ ਹਨ। ਬਲੂਅਰ ਸਟਰੀਟ ਨੂੰ ਹਾਈ ਪਾਰਕ ਤੇ ਕਲੈਂਡੇਨਨ ਐਵਨਿਊ ਦਰਮਿਆਨ ਕਈ ਘੰਟਿਆਂ ਲਈ ਬੰਦ ਰੱਖਿਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਮਾਰਖਮ ਦੇ ਰੈਸਟੋਰੈਂਟ ਵਿੱਚ ਖਾਣਾ ਖਾਣ ਵਾਲੇ ਕਈ ਲੋਕ ਪਏ ਬਿਮਾਰ

ਮਾਰਖਮ, 1 ਸਤੰਬਰ (ਪੋਸਟ ਬਿਊਰੋ) : ਵੀਕੈਂਡ ਉੱਤੇ ਮਾਰਖਮ, ਓਨਟਾਰੀਓ ਦੇ ਰੈਸਟੋਰੈਂਟ ਵਿੱਚ ਖਾਣਾ ਖਾਣ ਵਾਲੇ ਕਈ ਲੋਕਾਂ ਨੂੰ ਹਸਪਤਾਲ ਲਿਜਾਇਆ ਗਿਆ। ਇਸ ਘਟਨਾ ਤੋਂ ਬਾਅਦ ਇਸ ਰੈਸਟੋਰੈਂਟ ਨੂੰ ਬੰਦ ਕਰ ਦਿੱਤਾ ਗਿਆ ਹੈ ਤੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇੱਕ ਬਿਆਨ ਵਿੱਚ ਯੌਰਕ ਰੀਜਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਕੈਸਲਮੋਰ ਐਵਨਿਊ ਉੱਤੇ ਸਥਿਤ ਡਿਲਾਈਟ ਰੈਸਟੋਰੈਂਟ ਐਂਡ ਬਾਰਬੀਕਿਊ ਵਿੱਚ ਖਾਣਾ ਖਾਣ ਵਾਲੇ ਕਈ ਲੋਕਾਂ ਦੇ ਬਿਮਾਰ ਪੈਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।




ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਕਿੰਨੇ ਲੋਕ ਇਸ ਘਟਨਾ ਵਿੱਚ ਬਿਮਾਰ ਪਏ ਤੇ ਜਾਂ ਫਿਰ ਇਹ ਸੱਭ ਕਿਉਂ ਵਾਪਰਿਆ। ਜਿਸ ਕਿਸੇ ਵੱਲੋਂ 27 ਜਾਂ 28 ਅਗਸਤ ਨੂੰ ਇਸ ਰੈਸਟੋਰੈਂਟ ਵਿੱਚ ਖਾਣਾ ਖਾਧਾ ਗਿਆ ਤੇ ਜੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੇ ਗੰਭੀਰ ਲੱਛਣ ਨਜ਼ਰ ਆ ਰਹੇ ਹਨ ਤਾਂ ਉਨ੍ਹਾਂ ਨੂੰ ਫੌਰੀ ਮੈਡੀਕਲ ਮਦਦ ਹਾਸਲ ਕਰਨ ਲਈ ਆਖਿਆ ਜਾ ਰਿਹਾ ਹੈ।




# 18 ਮਹੀਨੇ ਦੇ ਬੱਚੇ ਨੂੰ ਗੋਲੀ ਮਾਰਨ ਦੇ ਮਾਮਲੇ ਵਿੱਚ 3 ਪੁਲਿਸ ਅਧਿਕਾਰੀਆਂ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 1 ਸਤੰਬਰ (ਪੋਸਟ ਬਿਊਰੋ) : ਦੋ ਸਾਲ ਪਹਿਲਾਂ ਕਵਾਰਥਾ ਲੇਕਸ ਵਿੱਚ ਸ਼ੂਟਿੰਗ ਦੀ ਵਾਪਰੀ ਘਟਨਾ ਤੋਂ ਬਾਅਦ 18 ਮਹੀਨੇ ਦੇ ਬੱਚੇ ਦੀ ਹੋਈ ਮੌਤ ਦੇ ਮਾਮਲੇ ਵਿੱਚ ਓਨਟਾਰੀਓ ਦੇ ਤਿੰਨ ਪ੍ਰੋਵਿੰਸ਼ੀਅਲ ਪੁਲਿਸ ਅਧਿਕਾਰੀਆਂ ਨੂੰ ਚਾਰਜ ਕੀਤਾ ਗਿਆ ਹੈ।

ਬੁੱਧਵਾਰ ਨੂੰ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਨੇ ਐਲਾਨ ਕੀਤਾ ਕਿ ਓਪੀਪੀ ਦੇ ਕਾਂਸਟੇਬਲ ਨਥਾਨ ਵੈਂਡਰਹੇਡਨ, ਕੈਨੇਥ ਪੈਂਗਲੀ ਤੇ ਗ੍ਰੇਸਨ ਕੈਪਸ ਨੂੰ ਕਤਲ ਦੇ ਇੱਕ ਮਾਮਲੇ ਤੇ 18 ਮਹੀਨੇ ਦੇ ਜੇਮਸਨ ਸ਼ੈਪੀਰੋ ਦੀ ਮੌਤ ਦੇ ਸਬੰਧ ਵਿੱਚ ਮੁਜਰਮਾਨਾਂ ਅਣਗਹਿਲੀ ਲਈ ਚਾਰਜ ਕੀਤਾ ਗਿਆ।

ਐਸਆਈਯੂ ਨੇ ਆਖਿਆ ਕਿ 26 ਨਵੰਬਰ, 2020 ਨੂੰ ਕਥਿਤ ਤੌਰ ਉੱਤੇ ਆਪਣੇ ਬੱਚੇ ਨੂੰ ਅਗਵਾ ਕਰਨ ਦੇ ਇੱਕੋ ਮਾਮਲੇ ਵਿੱਚ ਕਾਰ ਵਿੱਚ ਸਵਾਰ ਉਸ ਦੇ 33 ਸਾਲਾ ਪਿਤਾ ਉੱਤੇ ਪੁਲਿਸ ਅਧਿਕਾਰੀਆਂ ਨੇ ਗੋਲੀ ਚਲਾਈ। ਇਸ ਘਟਨਾ ਵਿੱਚ ਜੇਮਸਨ ਦੀ ਮੌਤ ਮੌਕੇ ਉੱਤੇ ਹੀ ਹੋ ਗਈ ਜਦਕਿ ਉਸ ਦੇ ਪਿਤਾ ਨੇ ਹਫਤੇ ਬਾਅਦ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਹਸਪਤਾਲ ਵਿੱਚ ਦਮ ਤੋੜ ਦਿੱਤਾ।



ਐਸਆਈਯੂ ਨੇ ਆਖਿਆ ਕਿ ਤਿੰਨ ਪੁਲਿਸ ਅਧਿਕਾਰੀਆਂ ਨੇ ਜੇਮਸਨ ਦੇ ਪਿਛਲੀ ਸੀਟ ਉੱਤੇ ਹੋਣ ਦਾ ਪਤਾ ਹੋਣ ਦੇ ਬਾਵਜੂਦ ਉਸ ਦੇ ਪਿਤਾ ਦੇ ਪਿੱਕਅੱਪ ਟਰੱਕ ਉੱਤੇ ਗੋਲੀਆਂ ਚਲਾਈਆਂ। ਏਜੰਸੀ ਨੇ ਦੱਸਿਆ ਕਿ ਸਬੂਤਾਂ ਤੋਂ ਸਾਹਮਣੇ ਆਇਆ ਕਿ ਪੁਲਿਸ ਦੀਆਂ ਗੋਲੀਆਂ ਲੱਗਣ ਕਾਰਨ ਹੀ ਬੱਚਾ ਤੇ ਉਸ ਦਾ ਪਿਤਾ ਮਾਰੇ ਗਏ।

# ਮੋਹੀ ਵਾਸੀਆਂ ਨੇ ਮਡੋਵੈਲ ਕਨਜ਼ਰਵੇਸ਼ਨ ਇਲਾਕੇ ਵਿਚ ਮਨਾਈ ਪਿਕਨਿਕ








ਮਹਿੰਦਰ ਸਿੰਘ ਮੋਹੀ : ਪਿਛਲੇ ਸਨਿ-ਚਰਵਾਰ ਨੂੰ, ਸੁਹਾਵਣੇ ਮੌਸਮ ਦਾ ਲਾਹਾ ਲੈ ਕੇ ਬਰੈਂਪਟਨ ਤੇ ਆਲੇ ਦੁਆਲੇ ਦੇ ਖੇਤਰਾਂ ਵਿੱਚ ਰਹਿ ਰਹੇ ਮੋਹੀ ਪਿੰਡ ਵਾਲਿਆਂ ਨੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਕੇ ਮਿਡੋਵੈਲ ਕਨਜ਼ਰਵੇਸ਼ਨ ਏਰੀਆ ਦੇ ਖ਼ੂਬਸੂਰਤ ਪਾਰਕ ਵਿੱਚ ਪਿਕਨਿਕ ਮਨਾਈ। ਇਸ ਵਿੱਚ ਪਿੰਡ ਦੀਆਂ ਜੰਮਪਲ ਲੜਕੀਆ ਵੀ ਆਪਣੇ ਪਰਿਵਾਰਾਂ ਸਮੇਤ ਪਹੁੰਚੀਆਂ ਜਿਨਾਂ ਦਾ ਵਿਸ਼ੇਸ਼ ਸਨਮਾਨ ਕਰਦਿਆ ਉਹਨਾ ਨੂੰ ਆਪਣੇ ਪੇਕੇ ਘਰ ਵਿੱਚ ਆਉਣ ਵਰਗਾ ਮਾਹੌਲ ਦੇਣ ਦੀ ਕੋਸ਼ਿਸ਼ ਕੀਤੀ ਗਈ। ਹਰ ਸਾਲ ਦੀ ਤਰਾਂ ਇਹ ਪਿਕਨਿਕ ਗਦਰੀ ਬਾਬਾ ਕਪੂਰ ਸਿੰਘ ਮੋਹੀ ਨੂੰ ਸਮਰਪਿਤ ਸੀ, ਜਿਨਾਂ ਨੇ ਅਜਾਦੀ ਦੀ ਲੜਾਈ ਵਿੱਚ ਮਹਾਨ ਕੁਰਬਾਨੀ ਕੀਤੀ। ਉਹਨਾ ਵੀਹ ਸਾਲ ਕਾਲੇ ਪਾਣੀ ਦੀ ਸਜਾ ਤੇ ਤਸੀਹੇ ਝੱਲੇ, ਜਿਸ ਬਾਰੇ ਮਹਿੰਦਰ ਸਿੰਘ ਮੋਹੀ ਨੇ ਵਿਸਥਾਰ ਨਾਲ ਚਾਨਣਾ ਪਾਇਆ । ਪਿਛਲੇ ਸਮੇ ਦੁਰਾਨ ਵਿਛੋੜਾ ਦੇ ਗਈਆਂ ਪਿੰਡ ਦੀਆਂ ਸਤਿਕਾਰਯੋਗ ਸ਼ਖਸੀਅਤਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਸਬੰਧਿਤ ਪਰਿਵਾਰਾਂ ਨਾਲ ਦੁੱਖ ਪ੍ਰਗਟਾਇਆ ਗਿਆ। ਸਭ ਤੋਂ ਪਹਿਲਾਂ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਗਈਆਂ ਤੇ ਜੇਤੂਆਂ ਨੂੰ ਇਨਾਮ ਦਿੱਤੇ ਗਏ। ਨਾਲ ਹੀ ਦਰਵਾਜ਼ਿਆਂ ਦੇ ਅਧਾਰ ਤੇ ਪਿੰਡ ਨੂੰ ਖੇਤਰਾਂ ਵਿੱਚ ਵੰਡ ਕੇ ਵਾਲੀਬਾਲ ਦੇ ਫਸਵੇ ਮੁਕਾਬਲੇ ਸ਼ੁਰੂ ਹੋ ਗਏ। ਅਖੀਰ ਵਿੱਚ ਪਕਾ ਦਰਵਾਜ਼ਾ ਜੇਤੂ ਰਿਹਾ। ਲੇਡੀਜ ਦੀ ਮਿਉਜਕ ਚੇਅਰ ਗੇਮ ਤੇ ਨੌਜਵਾਨਾ ਦੇ ਰੱਸਾਕਸ਼ੀ ਦੇ ਵੀ ਦਿਲਚਸਪ ਤੇ ਸਖਤ ਮੁਕਾਬਲੇ ਹੋਏ। ਇਸ ਦੇ ਨਾਲ ਲੇਡੀਜ ਵੱਲੋ ਗਿਧੇ ਦੀ ਪੇਸ਼ਕਾਰੀ ਨੇ ਕੁਦਰਤੀ ਸੁੰਦਰਤਾ ਨਾਲ ਭਰਪੂਰ ਇਸ ਹਰੇ-ਭਰੇ ਪਾਰਕ ਨੂੰ ਹੋਰ ਵੀ ਦਿਲਕਸ਼ ਬਣਾ ਦਿੱਤਾ। ਅਮਰੀਕਾ ਤੋਂ । ਮੋਹੀ ਪਿੰਡ ਦੇ ਇਸ ਸਮਾਗਮ ਵਿੱਚ ਖਾਸ ਤੌਰ ਤੇ ਪਰਿਵਾਰ ਸਮੇਤ ਪਹੁੰਚਣ ਵਾਲੇ ਨਰਿੰਦਰ ਸਿੰਘ ਥਿੰਦ,ਸਮਸ਼ੇਰ ਸਿੰਘ ਥਿੰਦ, ਜਗਜੀਤ ਸਿੰਘ ਥਿੰਦ ਤੇ ਅਵਤਾਰ ਸਿੰਘ ਕਾਕਾ ਥਿੰਦ ਤੇ ਉਹਨਾ ਦੀ ਧਰਮ ਪਤਨੀਆਂ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਇੰਡੀਆ ਤੋ ਨਵੇ ਆਏ ਮੋਹੀ ਪਿੰਡ ਵਾਸੀਆਂ ਨੂੰ ਵੀ ਸਤਿਕਾਰ ਵਜੋਂ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਨਿਵਾਜਿਆ ਗਿਆ, ਤੇ ਖਾਸ ਤੌਰ ਕੁਝ ਨਵੇ ਬਚਿਆਂ ਦੀ ਆਮਦ ਵਾਲੇ ਪਰਿਵਾਰਾਂ ਨਾਲ ਖੁਸ਼ੀ ਸਾਂਝੀ ਕੀਤੀ ਗਈ ਤੇ ਨਵਾਂ ਜਨਮ ਲੈਣ ਵਾਲੇ ਬਚਿਆਂ ਨੂੰ ਪਿੰਡ ਵਾਸੀਆ ਵੱਲੋ ਜੀ ਆਇਆ ਆਖਿਆ ਗਿਆ। ਸਾਰਾ ਸਮਾ ਲਗਾਤਾਰ ਖਾਣ-ਪੀਣ ਦਾ ਸਿਲਸਲਾ ਜਾਰੀ ਰਿਹਾ ਤੇ ਪਿੰਡ ਵਾਸੀ ਵਧੀਆ ਤੇ ਸੁਆਦਲੋ ਗਰਮ ਭੋਜਨ ਦਾ ਅਨੰਦ ਮਾਣਦੇ ਰਹੇ। ਇਸ ਸਾਰੇ ਪ੍ਰੋਗਰਾਮ ਨੂੰ ਕਾਮਯਾਬੀ ਨਾਲ ਸਿਰੇ ਚੜਾਉਣ ਵਿੱਚ ਸਮੁੱਚੀ ਟੀਮ ਨੇ ਜ਼ਿੰਮੇਵਾਰੀ ਨਾਲ ਲਗਾਤਾਰ ਮਿਹਨਤ ਕੀਤੀ । 6ਵਜੇ, ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਪਰਵਾਸੀ ਹੋ ਚੁੱਕੇ ਇਕ ਪਿੰਡ ਦੇ ਲੋਕ ,ਆਪਣੇ ਪਿੰਡ ਦੀਆਂ ਯਾਦਾਂ ਨੂੰ ਸਾਝੀਆਂ ਕਰਕੇ ,ਕਦੇ ਹੱਸਦੇ ਤੇ ਕਦੇ ਉਦਾਸ ਹੁੰਦੇ ਹੋਏ ਵਾਪਸ ਆਪਣੇ ਘਰਾਂ ਨੂੰ ਪਰਤ ਗਏ !!

# ਮੁੱਖ ਮੰਤਰੀ ਵੱਲੋਂ ਮਿਲਕਫੈੱਡ ਨੂੰ ਪਿੰਡਾਂ ਵਿੱਚੋਂ ਦੁੱਧ ਖਰੀਦਣ ਲਈ ਅਤਿ ਆਧੁਨਿਕ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਆਦੇਸ਼




ਚੰਡੀਗੜ੍ਹ, 1 ਸਤੰਬਰ (ਪੋਸਟ ਬਿਊਰੋ): ਸੂਬੇ ਵਿਚ ਸਹਿਕਾਰੀ ਖੇਤਰ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਮਿਲਕਫੈੱਡ ਨੂੰ ਚੰਗੀ ਗੁਣਵੱਤਾ ਵਾਲਾ ਦੁੱਧ ਖਰੀਦਣ ਤੇ ਸਪਲਾਈ ਕਰਨ ਲਈ ਪਿੰਡਾਂ ਵਿਚ ਆਲ੍ਹਾ ਦਰਜੇ ਦਾ ਬੁਨਿਆਦੀ ਢਾਂਚਾ ਵਿਕਸਤ ਕਰਨ ਦੇ ਹੁਕਮ ਦਿੱਤੇ ਹਨ।

'ਦਾ ਪੰਜਾਬ ਸਟੇਟ ਕੋਆਪ੍ਰੇਟਿਵ ਮਿਲਕ ਪ੍ਰੋਡਿਊਸਰਜ਼ ਫੈਡਰੇਸ਼ਨ ਜਿਸ ਨੂੰ ਮਿਲਕਫੈੱਡ ਦੇ ਤੌਰ ਉਤੇ ਜਾਣਿਆ ਜਾਂਦਾ ਹੈ, ਦੇ ਕੰਮਕਾਜ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਪਿੰਡਾਂ ਤੋਂ ਗੁਣਵੱਤਾ ਭਰਪੂਰ ਦੁੱਧ ਇਕੱਤਰ ਕਰਨ ਲਈ ਅਤੇ ਇਸ ਨੂੰ ਪ੍ਰੋਸੈਸ ਕਰਨ ਤੋਂ ਬਾਅਦ ਗਾਹਕਾਂ ਨੂੰ ਸਪਲਾਈ ਕਰਨ ਲਈ ਦੁੱਧ ਦੀ ਖਰੀਦ ਦੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਦੀ ਲੋੜ ਉਤੇ ਜ਼ੋਰ ਦਿੱਤਾ। ਭਗਵੰਤ ਮਾਨ ਨੇ ਉਮੀਦ ਪ੍ਰਗਟਾਈ ਕਿ ਮਿਲਕਫੈੱਡ ਆਪਣੇ ਪ੍ਰਸਿੱਧ ਬਰਾਂਡ 'ਵੇਰਕਾ' ਲਈ ਨਵੇਂ ਮੌਕੇ ਸਿਰਜੇਗਾ ਜਿਸ ਦਾ ਇਕੋ-ਇਕ ਉਦੇਸ਼ ਸਾਰਿਆਂ ਦੇ ਸਮੂਹਿਕ ਵਿਕਾਸ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਮਿਲਕਫੈੱਡ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਪੰਜਾਬ ਦੇ ਸਾਰੇ ਸੰਭਾਵੀ ਪਿੰਡਾਂ ਨੂੰ ਵੀ ਆਪਣੇ ਨਾਲ ਜੋੜਿਆ ਜਾਵੇ ਅਤੇ ਇਨ੍ਹਾਂ ਪਿੰਡਾਂ ਤੋਂ ਵੱਧ ਤੋਂ ਵੱਧ ਮਿਕਦਾਰ ਵਿਚ ਦੁੱਧ ਖਰੀਦਿਆ ਜਾਵੇ।


ਮੁੱਖ ਮੰਤਰੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਉਨ੍ਹਾਂ ਦੀ ਸਰਕਾਰ ਦਾ ਇਕਮਾਤਰ ਉਦੇਸ਼ ਸਹਿਕਾਰਤਾ ਦੀ ਅਸਲ ਭਾਵਨਾ ਨੂੰ ਅਪਣਾਉਂਦੇ ਹੋਏ ਪੰਜਾਬ ਦੇ ਦੁੱਧ ਉਤਪਾਦਕਾਂ ਨੂੰ ਵੱਧ ਤੋਂ ਵੱਧ ਸਹਿਯੋਗ ਕਰਨਾ ਤੇ ਦੁੱਧ ਦੀ ਚੰਗੀ ਕੀਮਤ ਮੁਹੱਈਆ ਕਰਵਾਉਣਾ ਹੈ।

ਉਨ੍ਹਾਂ ਨੇ ਇਸ ਗੱਲ ਉਤੇ ਵੀ ਜ਼ੋਰ ਦਿੱਤਾ ਕਿ ਨੌਜਵਾਨਾਂ ਵਿੱਚ ਡੇਅਰੀ ਦੇ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਕਿਸਾਨ ਪੱਖੀ ਸਕੀਮਾਂ ਨੂੰ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਨੂੰ ਆਰਥਿਕ ਤੌਰ 'ਤੇ ਆਤਮ ਨਿਰਭਰ ਬਣਾਇਆ ਜਾ ਸਕੇ। ਭਗਵੰਤ ਮਾਨ ਨੇ ਆਧੁਨਿਕ ਤਕਨਾਲੋਜੀ ਦੀ ਵਿਧੀ ਵਿਕਸਤ ਕਰਨ ਉਤੇ ਵੀ ਜ਼ੋਰ ਦਿੱਤਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਮੁੱਚੀ ਪ੍ਰਣਾਲੀ ਪਾਰਦਰਸ਼ੀ ਅਤੇ ਖਪਤਕਾਰ ਪੱਖੀ ਬਣੀ ਰਹੇ।

ਮੁੱਖ ਮੰਤਰੀ ਨੇ ਮਿਲਕਫੈੱਡ ਨੂੰ ਨਾ ਸਿਰਫ਼ ਸੂਬੇ ਵਿੱਚ ਸਗੋਂ ਦੇਸ਼ ਭਰ ਵਿੱਚ ਤੇ ਇੱਥੋਂ ਤੱਕ ਕਿ ਵਿਦੇਸ਼ਾਂ ਵਿੱਚ ਵੀ ਖਪਤਕਾਰ ਮੰਡੀ ਦੇ ਵੱਡੇ ਹਿੱਸੇ ਨੂੰ ਹਾਸਲ ਕਰਨ ਲਈ ਮਾਰਕੀਟਿੰਗ ਵਾਸਤੇ ਜ਼ੋਰਦਾਰ ਮੁਹਿੰਮ ਸ਼ੁਰੂ ਕਰਨ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਮੋਹਰੀ ਸਹਿਕਾਰੀ ਅਦਾਰੇ ਦੀ ਘਰੇਲੂ ਬਜ਼ਾਰ ਵਿੱਚ ਪ੍ਰਤੱਖ ਮੌਜੂਦਗੀ ਹੈ ਕਿਉਂਕਿ ਇਸ ਖੇਤਰ ਦੇ ਘਰ-ਘਰ ਵਿਚ 'ਵੇਰਕਾ' ਜਾਣਿਆ-ਪਛਾਣਿਆ ਨਾਮ ਹੈ। ਭਗਵੰਤ ਮਾਨ ਨੇ ਕਿਹਾ ਕਿ ਵੇਰਕਾ ਉਤਪਾਦਾਂ ਜਿਵੇਂ ਘਿਓ, ਦੁੱਧ, ਮੱਖਣ, ਲੱਸੀ, ਖੀਰ, ਦਹੀਂ, ਆਈਸ ਕਰੀਮ, ਮਠਿਆਈਆਂ ਅਤੇ ਹੋਰਾਂ ਨੇ ਪਹਿਲਾਂ ਹੀ ਦੇਸ਼ ਭਰ ਦੀ ਮਾਰਕੀਟ ਵਿੱਚ ਆਪਣਾ ਸਥਾਨ ਬਣਾ ਲਿਆ ਹੈ, ਜਿਸ ਨੂੰ ਠੋਸ ਯਤਨਾਂ ਰਾਹੀਂ ਹੋਰ ਅੱਗੇ ਵਧਾਇਆ ਜਾ ਸਕਦਾ ਹੈ।

## ਸ਼ੋਕ ਸਮਾਚਾਰ: ਮੁਖਤਿਆਰ ਸਿੰਘ ਬਰਾੜ ਨਹੀਂ ਰਹੇ

ਆਪ ਸਭ ਨੂੰ ਬੜੇ ਹੀ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਮੁਖਤਿਆਰ ਸਿੰਘ ਬਰਾੜ ਬੀਤੀ 26 ਅਗਸਤ ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਮ ਸਸਕਾਰ ਮਿਤੀ 4 ਸਤੰਬਰ, 2022, ਦਿਨ ਐਤਵਾਰ ਨੂੰ ਸਵੇਰੇ 11 ਵਜੇ ਤੋਂ ਦੁਪਹਿਰ 1 ਵਜੇ ਤੱਕ ਬਰੈਂਪਟਨ ਕ੍ਰੈਮੇਟੋਰੀਅਮ ਐਂਡ ਵਿਜ਼ੀਟੇਸ਼ਨ ਸੈਂਟਰ, 30 ਬਰੈਮਵਿਨ ਕੋਰਟ, ਬਰੈਂਪਟਨ, ਓਨਟਾਰੀਓ L6T 5G2 ਵਿਖੇ ਕੀਤਾ ਜਾ ਰਿਹਾ ਹੈ। ਭੋਗ ਅਤੇ ਅੰਤਮ ਅਰਦਾਸ 4 ਸਤੰਬਰ, ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਤੋਂ ਬਾਅਦ ਦੁਪਹਿਰ 4 ਵਜੇ ਤੱਕ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ 7280 ਏਅਰਪੋਰਟ ਰੋਡ ਮਿਸੀਸਾਗਾ/ਮਾਲਟਨ, ਓਨਟਾਰੀਓ L4T 2H3 ਵਿਖੇ ਹੋ ਰਹੇ ਹਨ। ਸਸਕਾਰ ਅਤੇ ਅੰਤਮ ਅਰਦਾਸ ਦਾ ਸਿੱਧਾ ਪ੍ਰਸਾਰਨ funeral-live.ca/bcvc/viewing/brar-september42022 ਉਤੇ ਕੀਤਾ ਜਾਵੇਗਾ। ਵਧੇਰੇ ਜਾਣਕਾਰੀ ਲਈ ਪਿੰਡ ਰੋਡੇ ਤੋਂ ਉਨ੍ਹਾਂ ਦੇ ਭਰਾ ਗੁਰਜੰਟ ਸਿੰਘ ਬਰਾੜ ਅਤੇ ਪਰਿਵਾਰ ਨਾਲ 647-762-1435 ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ।




## ਕੁਈਨਜ਼ਵੁੱਡ ਕਾਲਜ ਦਾ ਪੀ.ਐੱਸ.ਡਬਲਿਊ. ਪ੍ਰੋਗਰਾਮ ਨੌਕਰੀ ਲੱਭਣ ਵਿਚ ਮਦਦਗਾਰ

ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ। ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ 19 ਸਤੰਬਰ, 2022 ਤੋਂ ਪ੍ਰੋਗਰਾਮ ਦੀ ਪੇਸ਼ਕਸ਼ ਕਰ ਰਹੇ ਹਾਂ। ਇਹ ਪ੍ਰੋਗਰਾਮ ਉਨ੍ਹਾਂ ਲਈ ਸਭ ਤੋਂ ਢੁਕਵਾਂ ਹੈ ਜੋ ਸਿਹਤ ਸੰਭਾਲ ਉਦਯੋਗ ਵਿਚ ਆਪਣਾ ਕਰੀਅਰ ਬਣਾਉਣਾ ਚਾਹੁੰਦੇ ਹਨ। ਇਸ ਪ੍ਰੋਗਰਾਮ ਦਾ ਥਿਓਰੀ ਪੋਰਸ਼ਨ ਇਸ ਸਮੇਂ ਆਨਲਾਈਨ ਹੈ।

ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ ਕਿ ਕੋਵਿਡ-19 ਤੋਂ ਬਾਅਦ ਚੀਜ਼ਾਂ ਬਹੁਤ ਬਦਲ ਗਈਆਂ ਹਨ ਅਤੇ ਪੀ.ਐੱਸ.ਡਬਲਿਊ. ਦੀ ਮੰਗ ਬਹੁਤ ਵਧ ਗਈ ਹੈ। ਸਾਡੇ ਵਿਦਿਆਰਥੀਆਂ ਨੂੰ ਆਪਣਾ ਕੋਰਸ ਪੂਰਾ ਕਰਨ ਤੋਂ ਬਾਅਦ ਨੌਕਰੀ ਦੀਆਂ ਪੇਸ਼ਕਸ਼ਾਂ ਮਿਲ ਰਹੀਆਂ ਹਨ।

ਕੁਈਨਜ਼ਵੁੱਡ ਕਾਲਜ ਦਾ ਪੀ.ਐੱਸ.ਡਬਲਿਊ. ਪ੍ਰੋਗਰਾਮ 25 ਹਫ਼ਤਿਆਂ ਦਾ ਹੈ ਭਾਵ ਇਹ 6 ਮਹੀਨਿਆਂ ਤੋਂ ਘੱਟ ਹੈ। ਕੋਈ ਵੀ ਵਿਅਕਤੀ ਜੋ ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸ਼ਰਨਾਰਥੀ ਸਥਿਤੀ 'ਤੇ ਹੈ, ਸਾਡੇ ਪੀ.ਐੱਸ.ਡਬਲਿਊ. ਪ੍ਰੋਗਰਾਮ ਵਿਚ ਸ਼ਾਮਲ ਹੋ ਸਕਦਾ ਹੈ ਕਿਉਂਕਿ ਇਸਦੀ ਮਿਆਦ ਛੇ ਮਹੀਨਿਆਂ ਤੋਂ ਘੱਟ ਹੈ। ਇਹ ਕੋਰਸ ਕਰਨ ਨਾਲ ਤੁਸੀਂ ਆਪਣੇ ਲਈ ਇੱਕ ਚੰਗੀ ਨੌਕਰੀ ਸੁਰੱਖਿਅਤ ਕਰ ਸਕੋਗੇ। ਇਸ ਤੋਂ ਇਲਾਵਾ ਮੈਡੀਕਲ ਆਫਿਸ ਅਸਿਸਟੈਂਟ, ਆਫਿਸ ਐਡਮਿਨਿਸਟ੍ਰੇਸ਼ਨ, ਡਿਪਲੋਮਾ ਪ੍ਰੋਗਰਾਮ ਅਤੇ ਫੂਡ ਸਰਵਿਸ ਵਰਕਰ ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, ਅਕਾਊਂਟਸ, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ।






# ਗੁਰੂ ਨਾਨਕ ਦੇਵ ਯੂਨੀਵਰਸਿਟੀ ’ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 330 ਸਾਲ

## ਪੁਰਾਤਨ ਹੱਥ-ਲਿਖਤ ਖਰੜਿਆਂ ’ਚ ਚਿਤਰਕਲਾ ਪ੍ਰਦਰਸ਼ਨੀ ਦਾ ਉਦਘਾਟਨ * ਨੌਜਵਾਨ ਪੀੜ੍ਹੀ ਨੂੰ ਵਿਰਾਸਤ ਤੋਂ ਜਾਣੂ ਕਰਵਾਉਣਾ ਸਮੇਂ ਦੀ ਲੋੜ: ਬਾਬਾ ਸੇਵਾ ਸਿੰਘ

ਅੰਮ੍ਰਿਤਸਰ, 1 ਸਤੰਬਰ 2022 (ਪੋਸਟ ਬਿਊਰੋ): ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 418ਵੇਂ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਦੋ ਰੋਜ਼ਾ ਵਿਸ਼ੇਸ਼ ਪ੍ਰਦਰਸ਼ਨੀ ਦਾ ਉਦਘਾਟਨ ਅੱਜ ਇਥੇ ਗੁਰੂ ਗ੍ਰੰਥ ਸਾਹਿਬ ਭਵਨ ’ਚ ਪਦਮ ਸ਼੍ਰੀ ਬਾਬਾ ਸੇਵਾ ਸਿੰਘ ਜੀ ਖਡੂਰ ਸਾਹਿਬ ਵਾਲਿਆਂ ਨੇ ਕੀਤਾ। ਇਸ ਪ੍ਰਦਰਸ਼ਨੀ ਵਿਚ 17ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਪ੍ਰਾਚੀਨ ਦੁਰਲਭ ਹੱਥਲਿਖਤ ਖਰੜਿਆਂ ਵਿਚ ਬੇਲ-ਬੂਟੀਆਂ ਦੇ ਰੂਪ ਵਿਚ ਹੋਏ ਅਦਭੁੱਤ ਕਲਾ ਦੇ ਸ਼ਾਨਦਾਰ ਤੇ ਸੁੰਦਰ ਕਾਰਜ ਨੂੰ ਤਸਵੀਰਾਂ ਰਾਹੀਂ ਪ੍ਰਦਰਸ਼ਿਤ ਕੀਤੇ ਗਏ ਹਨ। ਉਦਘਾਟਨੀ ਸਮਾਗਮ ਵਿਚ ਵੱਖ ਵੱਖ ਵਿਭਾਗਾਂ ਦੇ ਵਿਦਿਆਰਥੀਆਂ ਤੋਂ ਇਲਾਵਾ ਤੋਂ ਅਧਿਆਪਕ ਅਤੇ ਹੋਰ ਪਤਵੰਤੇ ਹਾਜ਼ਰ ਹੋਏ। ਇਹ ਪ੍ਰਦਰਸ਼ਨੀ ਕੱਲ੍ਹ 2 ਸਤੰਬਰ ਤਕ ਚੱਲੇਗੀ।

ਇਸ ਮੌਕੇ ਡੀਨ ਅਕਾਦਮਿਕ ਮਾਮਲੇ, ਪ੍ਰੋ. ਸਰਬਜੋਤ ਸਿੰਘ ਬਹਿਲ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਕੇਂਦਰ ਦੇ ਡਾਇਰੈਕਟਰ ਪ੍ਰੋ. (ਡਾ.) ਅਮਰਜੀਤ ਸਿੰਘ ਆਏ ਮਹਿਮਾਨਾਂ ਅਤੇ ਵਿਦਿਆਰਥੀਆਂ ਨੂੰ ਜੀ ਆਇਆਂ ਆਖਿਆ ਅਤੇ ਪ੍ਰਦਰਸ਼ਨੀ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ।

ਬਾਬਾ ਸੇਵਾ ਸਿੰਘ ਨੇ ਕਿਹਾ ਕਿ ਸਾਡੀ ਵਿਰਾਸਤ ਬਹੁਤ ਅਮੀਰ ਹੈ ਅਤੇ ਇਸ ਦੀ ਸੰਭਾਲ ਕਰਨੀ ਵੱਡੀ ਜ਼ਿੰਮੇਵਾਰੀ ਵਾਲਾ ਕੰਮ ਹੈ। ਉਨ੍ਹਾਂ ਕਿਹਾ ਕਿ ਸਾਡੀ ਨੌਜੁਆਨ ਪੀੜ੍ਹੀ ਨੂੰ ਸਾਡੀ ਵਿਰਾਸਤ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਅਤੇ ਅਜਿਹੀਆਂ ਪ੍ਰਦਰਸ਼ਨੀਆਂ ਵਿਚ ਪ੍ਰਾਪਤ ਹੋਣ ਵਾਲੀ ਜਾਣਕਾਰੀ ਬਹੁਤ ਸਾਰਥਕ ਸਿੱਧ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਅੱਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪ੍ਰਾਚੀਨ ਹੱਥ-ਲਿਖਤ ਵੱਖ ਵੱਖ ਬੀੜਾਂ ਉਤੇ ਕੀਤੇ ਕਲਾ ਦੇ ਦਰਸ਼ਨ ਕਰਕੇ ਮਨ ਬਹੁਤ ਖੁਸ਼ ਹੋਇਆ ਹੈ ਅਤੇ ਇਨ੍ਹਾਂ ਉਪਰ ਅੰਕਿਤ ਕ੍ਰਿਤੀਆਂ, ਵੇਲਾਂ, ਬੂਟੀਆਂ ਅਤੇ ਹੋਰ ਸਿਰਜਣਾਤਮਕਤਾ ਉਤਮ ਕਲਾ ਦਾ ਨਮੂਨਾ ਹਨ।

ਪ੍ਰੋ. ਬਹਿਲ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਇਨ੍ਹਾਂ ਪੁਰਾਤਨ ਬੀੜਾਂ ਉਪਰ ਚਿਤਰੇ ਹੋਏ ਕਲਾ ਰੂਪਾਂ ਤੋਂ ਪਤਾ ਲਗਦਾ ਹੈ ਕਿ ਪੁਰਾਤਨ ਸਿੱਖਾਂ ਦਾ ਅਧਿਆਮਿਕਤਾ ਦੇ ਨਾਲ ਨਾਲ ਕਲਾ, ਇਤਿਹਾਸ ਅਤੇ ਜ਼ਿੰਦਗੀ ਦੀਆਂ ਹੋਰ ਦਿਸ਼ਾਵਾਂ ਵੱਲ ਵੀ ਪੂਰਾ ਧਿਆਨ ਸੀ। ਉਨ੍ਹਾਂ ਕਿਹਾ ਕਿ ਇਨ੍ਹਾਂ ਕਲਾਵਾਂ ਵਿਚ ਕੀਤਾ ਕਾਰਜ ਬਹੁਤ ਮਹੀਨ ਹੈ ਅਤੇ ਵੱਖ ਵੱਖ ਪਾਵਨ ਸਰੂਪਾਂ ਵਿਚ ਵੱਖ ਵੱਖ ਕਿਸਮ ਦੀ ਕਲਾ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਕਿਹਾ ਕਿ ਅੱਜ ਦੀ ਪ੍ਰਦਰਸ਼ਨੀ ਇਸ ਦਿਸ਼ਾ ਵੱਲ ਇਕ ਅਹਿਮ ਕਦਮ ਹੈ ਕਿ ਪੁਰਾਤਨ ਸਿੱਖ ਕਲਾ ਵਿਸ਼ੇਸ਼ ਦ੍ਰਿਸ਼ਟੀ ਦੀ ਮੰਗ ਕਰਦੀ ਹੈ ਜਿਸ ਰਾਹੀਂ ਇਸ ਉਪਰ ਹੋਰ ਖੋਜ ਕੀਤੀ ਜਾਵੇ।



ਉਨ੍ਹਾਂ ਕਿਹਾ ਕਿ ਵਿਦਿਆਰਥੀ ਸਾਡੇ ਨਵੇਂ ਭਵਿੱਖ ਦੀ ਆਸ ਹਨ ਅਤੇ ਅਕਾਦਮਿਕਤਾ ਤੇ ਖੋਜ ਦੇ ਹੋਰ ਅਨੁਸ਼ਾਸਨਾਂ ਵਿਚ ਪੁੱਟੇ ਗਏ ਉਸਾਰੂ ਕਦਮਾਂ ਦਾ ਪਹਿਲਾ ਮਕਸਦ ਵਿਦਿਆਰਥੀਆਂ ਨੂੰ ਲਾਭ ਪੁਚਾਉਣਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਾਡੇ ਵਿਦਿਆਰਥੀਆਂ ਧਰਮ ਤੇ ਦਰਸ਼ਨ ਦੀਆਂ ਉਸਾਰੂ ਰਵਾਇਤਾਂ ਅਤੇ ਵਰਤਮਾਨ ਵਿਗਿਆਨਕ ਸਮੇਂ ਦੀ ਤੋਰ ਨੂੰ ਇਕੱਠਾ ਲੈ ਕੇ ਚੱਲੇਗਾ ਤਾਂ ਇਸ ਨਾਲ ਸਾਰਥਕ ਨਤੀਜੇ ਨਿਕਲਣ ਦੀ ਸੰਭਾਵਨਾ ਹੈ ਤੇ ਇਕ ਚੰਗਾ ਸਮਾਜ ਸਿਰਜਿਆ ਜਾ ਸਕਦਾ ਹੈ।

ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਰਬ ਸਾਂਝੇ ਅਧਿਆਤਮਿਕ ਗਿਆਨ ਦੇ ਰਹਿਬਰ ਹਨ ਅਤੇ ਇਸ ਦੀ ਤਿਆਰੀ, ਸੰਪਾਦਨਾ, ਸੰਪੂਰਨਤਾ, ਗੁਰਿਆਈ ਪਦਵੀ ਗ੍ਰਹਿਣ ਕਰਨ ਦਾ ਇਕ ਪ੍ਰਮਾਣੀਕ ਤੇ ਨਿਵੇਕਲਾ ਇਤਿਹਾਸ ਵੀ ਹੈ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਰਜਨਾ ਦਾ ਮੁੱਢ ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ‘ਧੁਰ ਕੀ ਬਾਣੀ’ ਦੇ ਪ੍ਰਗਟ ਹੋਣ ਨਾਲ ਬੱਝਿਆ ਹੈ ਅਤੇ ਇਤਿਹਾਸ ਵਿਚ ਵੱਖ-ਵੱਖ ਪੜਾਅ ਤਹਿ ਕਰਦਾ ਹੋਇਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ 1708 ਈ: ਵਿਚ ਆਦਿ ਸ੍ਰੀ ਗ੍ਰੰਥ ਸਾਹਿਬ ਨੂੰ ਗੁਰਿਆਈ ਦੇਣ ਨਾਲ ਮੁਕੰਮਲ ਹੁੰਦਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਵਿਚ ਗੁਰਬਾਣੀ ਦੀਆਂ ਪੋਥੀਆਂ ਲਿਖਣ ਦੀ ਇਕ ਲੰਬੀ ਪਰੰਪਰਾ ਮਿਲਦੀ ਹੈ ਜਿਸ ਦੀ ਸ਼ੁਰੂਆਤ 1604 ਈ. ਵਿਚ ਸੰਕਲਨ ਹੋਏ ‘ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ’ ਦੇ ਪਹਿਲੇ ਸਰੂਪ ਤੋਂ ਬਾਅਦ ਭਾਵ 17ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਹੀ ਹੋ ਗਈ ਸੀ। ਬੀੜਾਂ ਲਿਖਣ ਦੇ ਇਤਿਹਾਸ ਤੋਂ ਗੁਰਮੁਖੀ ਲਿਪੀ ਦੀ ਲਿਖਤ ਦੇ ਵੱਖ-ਵੱਖ ਸਮਿਆਂ ਵਿਚ ਹੋਏ ਵਿਕਾਸ ਦੀਆਂ ਪਰਤਾਂ ਨੂੰ ਸਮਝਣ ਵਿਚ ਵੀ ਸਹਾਇਤਾ ਮਿਲਦੀ ਹੈ। ਇਸ ਤੋਂ ਇਲਾਵਾ ਗੁਰਬਾਣੀ ਨੂੰ ਲਿਖਣ ਸਮੇਂ ਵਰਤੀ ਜਾਂਦੀ ਸਾਵਧਾਨੀ ਤੇ ਸ਼ਰਧਾ ਦਾ ਆਪਣਾ ਇੱਕ ਵੱਖਰਾ ਰੌਚਕ ਇਤਿਹਾਸ ਹੈ। ਉਨ੍ਹਾਂ ਕਿਹਾ ਕਿ ਦੱਸਿਆ ਕਿ ਬੀੜਾਂ ਲਿਖਣ ਦੇ ਇਤਿਹਾਸ ਵਿਚ ਉਹ ਸੁਨਹਿਰੀ ਦੌਰ ਵੀ ਆਇਆ ਜਦੋਂ ਇਹਨਾਂ ਹੱਥ-ਲਿਖਤ ਬੀੜਾਂ ਵਿਚ ਬਹੁਤ ਹੀ ਸੁੰਦਰ ਕਲਾਕਾਰੀ ਕੀਤੀ ਜਾਣ ਲੱਗੀ। ਬੀੜ ਲਿਖਣ ਸਮੇਂ ਕਿਵੇਂ ਹਾਸ਼ੀਏ ਵਿਚ ਰੰਗਦਾਰ ਬੇਲ-ਬੂਟੀਆਂ ਤੇ ਹੋਰ ਅਨੇਕਾਂ ਕਿਸਮਾਂ ਦੇ ਅਕਾਰ ਜਿਵੇਂ ਆਇਤਾਕਾਰ, ਵਰਗਾਕਾਰ, ਅਸਟਭੁਜੀ, ਚੱਕਰ, ਗੁਬੰਦਨੁਮਾ ਚਿਤਰਕਾਰੀ ਆਦਿ ਕਲਾ ਦੇ ਰੂਪਾਂ ਨੂੰ ਚਿਤਰਿਆ ਗਿਆ ਹੈ, ਉਸ ਬਾਰੇ ਅਜੇ ਤੱਕ ਬਹੁਤ ਘੱਟ ਚਰਚਾ ਹੋਈ ਹੈ। ਇਸ ਵਿਸ਼ੇ ਬਾਰੇ ਜਾਣਕਾਰੀ ਵੀ ਬਹੁਤ ਸੀਮਤ ਰਹੀ ਹੈ। ਜਿਸ ਦਾ ਇਕ ਕਾਰਣ ਹੱਥ-ਲਿਖਤ ਬੀੜਾਂ ਤੱਕ ਪਹੁੰਚ ਬਹੁਤ ਔਖਾ ਤੇ ਕਠਿਨ ਕਾਰਜ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਲੋਂ ਪੁਰਾਤਨ ਹੱਥ-ਲਿਖਤ ਬੀੜਾਂ ਦੀ ਸੰਭਾਲ ਕਰਨ ਲਈ ਇਹਨਾਂ ਨੂੰ ਡਿਜ਼ੀਟਲਾਇਜ਼ਡ ਕਰਨ ਦੇ ਪ੍ਰੋਜੈਕਟ ਅਧੀਨ ਪੰਜਾਬ, ਹਰਿਆਣਾ, ਦਿੱਲੀ, ਯੂਪੀ, ਬਿਹਾਰ, ਨੇਪਾਲ, ਰਾਜਸਥਾਨ, ਮੱਧ-ਪ੍ਰਦੇਸ਼, ਮਹਾਰਾਸ਼ਟਰਾ ਆਦਿ ਪ੍ਰਾਂਤਾਂ ਵਿਖੇ ਪਹੁੰਚ ਕਰਕੇ ਬਹੁਤ ਸਾਰੇ ਹੱਥ ਲਿਖਤ ਖਰੜਿਆਂ ਨੂੰ ਡਿਜ਼ੀਟਲਾਇਜ਼ਡ ਕੀਤਾ ਗਿਆ ਹੈ। ਇਹਨਾਂ ਵਿਚ ਰੰਗਦਾਰ ਬੇਲ-ਬੂਟੀਆਂ ਦੇ ਹੋਏ ਬੇਨਿਆਜ਼ ਕੰਮ ਨੂੰ ਵਿਦਵਾਨਾਂ ਤੇ ਆਮ ਲੋਕਾਂ ਨਾਲ ਸਾਂਝਾਂ ਕਰਨ ਦੇ ਉਦੇਸ਼ ਅਧੀਨ ਇਹ ਪ੍ਰਦਰਸ਼ਨੀ ਲਗਾਈ ਗਈ ਹੈ।

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | **Gyan Singh,** |
| **Office Admin** | **Sajandeep Singh** |
| **Graphic Designer** | **Angrez Singh**<br>**Komal Matharu** |
| **Photographer** | Kanwaljit Singh Kanwal |
| **Distributer**<br>**Marketing:** | **Bhupinder Dhillon**<br>**Sajandeep Singh** |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser’s use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




# ਰੋਬਰਟ ਪੋਸਟ ਕਲੱਬ ਨੇ ਮਨਾਇਆ ਤੀਆਂ ਦਾ ਤਿਉਹਾਰ





ਮਹਿੰਦਰ ਸਿੰਘ ਮੋਹੀ: ਰੋਬਰਟ ਪੋਸਟ ਕਲੱਬ ਦੇ ਪ੍ਰਧਾਨ ਬਲਵਿੰਦਰ ਸਿੰਘ ਸਿੱਧੂ ਤੇ ਸਾਰੀ ਕਮੇਟੀ ਦੇ ਸਹਿਯੋਗ ਨਾਲ ਲੇਡੀਜ ਵਲੋਂ ਪੰਜਾਬੀਆਂ ਦੀ ਵਿਰਾਸਤ ਨੂੰ ਸਮਰਪਤ ਤੀਆਂ ਦਾ ਤਿਉਹਾਰ ਮਨਾਇਆ ਗਿਆ। ਕਰੋਨਾ ਦਾ ਫੈਲਾਅ ਹੁਣ ਕਾਫੀ ਹੱਦ ਤਕ ਕਾਬੂ ਹੇਠ ਹੋਣ ਕਰਕੇ ਪਾਰਕਾਂ 'ਚ ਰੌਣਕ ਮੁੜ ਪਰਤ ਆਈ ਹੈ। ਖੇਡ ਗਰਾਉਂਡਾ ਖਿਡਾਰੀਆਂ ਨੂੰ ਜੀ ਆਇਆ ਕਹਿ ਰਹੀਆ ਹਨ ਤੇ ਪਾਰਕਾਂ ਵਿੱਚ ਵੱਡੇ .. ਮੇਲਿਆਂ 'ਚ ਗੂਜਦੇ ਗੀਤ ਤੇ ਸੰਗੀਤ ਤੇ ਨਾਚ ਗਾਣੇ ਦਰਸ਼ਕਾਂ ਨੂੰ ਮੁੜ ਖੁਸ਼ੀਆ ਤੇ ਹਾਸੇ ਵੰਡਣ ਲਗੇ ਹਨ। ਸਮੇਂ ਸਿਰ ਕਲੱਬ ਦੀਆਂ ਮੈਬਰ ਲੇਡੀਜ ਤੇ ਬੱਚੇ ਸਜ ਧਜ ਕੇ ਪਾਰਕ ਵਿੱਚ ਪਹੁੰਚਣ ਲੱਗੇ। ਉਹਨਾ ਵਿਚ ਤੀਆ ਨੂੰ ਮਨਾਉਣ ਦਾ ਚਾਅ ਉਹਨਾ ਦੇ ਚੇਹਰਿਆਂ ਤੇ ਝਲਕ ਰਿਹਾ ਸੀ। ਪ੍ਰਬੰਧਕਾ ਦੀ ਆਸ ਤੋਂ ਕਿਤੇ ਜ਼ਿਆਦਾ ਗਿਣਤੀ ਵਿੱਚ ਸੀਨੀਅਰਜ਼ ਪਾਰਕ ਵਿੱਚ ਪਹੁੰਚਣ ਲੱਗੇ ਸਨ। ਕਲੱਬ ਵੱਲੋ ਖਾਣ ਪੀਣ ਦਾ ਵਧੀਆ ਪ੍ਰਬੰਧ ਕੀਤਾ ਗਿਆ ਸੀ। ਜਲਦੀ ਹੀ ਤਿਉਹਾਰ ਦੀ ਸ਼ੁਰੂਆਤ ਹੋ ਗਈ ਤੇ ਲੇਡੀਜ ਨੇ ਪਿੜ ਬੰਨ ਕੇ ਪੰਜਾਬੀ ਵਿਰਸੇ ਨੂੰ ਹਾਈਲਾਈਟ ਕਰਦਿਆਂ ਬੋਲੀਆਂ ਦਾ ਮੀਂਹ ਵਰਾ ਦਿੱਤਾ ਤੇ ਨਾਲ ਹੀ ਉਹਨਾ ਵੱਲੋਂ ਸ਼ੁਰੂ ਹੋਏ ਗਿੱਧੇ ਨੇ ਪਿਛਲੇ ਸਮਿਆਂ ਵਿੱਚ ਪੰਜਾਬ ਵਿਚ ਮਨਾਇਆ ਜਾਦੀਆਂ ਰਹੀਆ ਤੀਆਂ ਦੀ ਯਾਦ ਤਾਜਾ ਕਰਵਾ ਦਿਤੀ। ਇਹਨਾ ਦਿਨਾ ਵਿਚ ਸਿਟੀ ਦੀਆਂ ਚੋਣਾ ਲਈ ਉਮੀਦਵਾਰਾਂ ਵੱਲੋ ਚੋਣ ਪ੍ਰਚਾਰ ਚਲ ਰਿਹਾ ਹੈ ਇਸ ਲਈ ਮੇਅਰ ਦੀ ਦੁਬਾਰਾ ਚੋਣ ਲੜ ਰਹੇ ਪੈਟਿਕ ਬਾਉਨ ਤੇ ਉਹਨਾ ਨਾਲ ਮੁਕਾ-ਬਲੇ ਤੇ ਖੜੇ ਨਿੱਕੀ ਕੌਰ ਵੀ ਪਾਰਕ ਵਿੱਚ ਪਹੁੰਚ ਗਏ ਤੇ ਉਹਨਾਂ ਨੇ ਬਰੈਂਪਟਨ ਦੇ ਵਿਕਾਸ ਦੇ ਨਾਂ ਤੇ ਵੋਟਾਂ ਦੀ ਮੰਗ ਕੀਤੀ। ਇਹ ਇਕ ਤਰਾਂ ਨਾਲ ਪਾਰਕ ਦੇ ਫੰਕਸ਼ਨ ਵਿੱਚ ਦੋਨਾਂ ਉਮੀਦਵਾਰਾਂ ਵਿਚਕਾਰ ਇਲੈਕਸ਼ਨ ਡੀਬੇਟ ਵਾਲਾ ਮਾਹੌਲ ਬਣ ਗਿਆ, ਜਦੋਂ ਵੋਟਰਾਂ ਦਾ ਸਾਹਮਣੇ ਦੋਵੇ ਉਮੀਦਵਾਰ ਖੜੇ ਹੋਕੇ ਆਪੋ ਆਪਣਾ ਪੱਖ ਪੇਸ਼ ਕਰ ਰਹੇ ਸਨ। ਕਲੱਬ ਦੇ ਉਹਦੇਦਾਰ ਪ੍ਰੀਤਮ ਸਿੰਘ ਸਰਾਂ ਤੇ ਮਹਿੰਦਰ ਸਿੰਘ ਮੋਹੀ ਨੇ ਪੈਟਿਕ ਬਾਉਨ ਨੂੰ ਪਾਰਕ ਦੀਆਂ ਕੁੱਝ ਸਮੱਸਿਆਵਾਂ ਤੋਂ ਜਾਣੂ ਕਰਵਾ ਕੇ ਉਹਨਾ ਦੇ ਛੇਤੀ ਹਲ ਕਰਨ ਦੀ ਮੰਗ ਕੀਤੀ। ਬਰੈਂਪਟਨ ਵਿੱਚ ਆ ਰਹੀਆਂ ਹੋਰ ਸਮੱਸਿਆਵਾ ਵਲ ਵੀ ਉਹਨਾ ਦਾ ਧਿਆਨ ਕੇਂਦਰਿਤ ਕੀਤਾ। ਪੈਟਿਕ ਬਾਉਨ ਵਲੋ ਉਹਨਾ ਦੇ ਛੇਤੀ ਹਲ ਕਰਨ ਦਾ ਭਰੋਸਾ ਦਵਾਇਆ। ਇਸਤੋਂ ਬਿਨਾ ਰਿਜਨਲ ਕੌਸਲਰ ਦੀ ਦੁਬਾਰਾ ਚੋਣ ਲੜ ਰਹੇ ਮਾਈਕਲ ਬਲੈਸ਼ੀ ਤੇ ਸੀਟੀ ਕੌਸਲਰ ਦੀ ਚੋਣ ਲੜ ਰਹੀ ਨਵਜੀਤ ਕੌਰ ਬਰਾੜ ਨੇ ਵੀ ਆਪਣੇ ਵਿਚਾਰ ਪੇਸ਼ ਕਰਦਿਆ ਵੋਟ ਪਾਉਣ ਦੀ ਬੇਨਤੀ ਕੀਤੀ। ਅਖੀਰ ਵਿੱਚ ਸਾਰੇ ਉਮੀਦਵਾਰਾਂ ਨੂੰ ਪੰਜਾਬੀ ਕਲਚਰ 'ਚ ਲੇਡੀਜ ਵੱਲੋ ਤੀਆਂ ਦੇ ਤਿਉਹਾਰ ਨੂੰ ਮਨਾਉਣ ਦੀ ਵਿਸ਼ੇਸ਼ਤਾ ਵਾਰੇ ਦੱਸਿਆ ਗਿਆ। ਜਿਸ ਤੋਂ ਪ੍ਰਭਾਵਿਤ ਹੋ ਕੇ ਕੁਝ ਸਮੇ ਲਈ ਪੈਟਿਕ ਬਾਉਨ ਤੇ ਮਾਈਕਲ ਪਲੈਸ਼ੀ ਨੇ ਵੀ ਗਿੱਧੇ ਦੀ ਪੇਸ਼ਕਾਰੀ ਵਿੱਚ ਸ਼ਾਮਲ ਹੋਕੇ ਆਪਣਾ ਤੇ ਸਾਰੇ ਦਰਸ਼ਕਾਂ ਦਾ ਮਨੋਰੰਜਨ ਕੀਤਾ। ਇਸ ਤਰਾ ਖੁਸ਼ੀਆ ਵੰਡਦੇ ਤੀਆਂ ਦੇ ਤਿਉਹਾਰ ਨੂੰ ਮਨਾ ਕੇ ਜਿਥੇ ਸਾਰੀਆਂ ਲੇਡੀਜ ਨੇ ਆਪਣੇ ਵਿਰਸੇ ਨੂੰ ਜੀਵਤ ਰਖਿਆ ਉਥੇ ਛੋਟੇ ਬਚਿਆ ਨੂੰ ਵੀ ਆਪਣੇ ਸਭਿਆਚਾਰਕ ਹਾਂ ਪੱਖੀ ਰਵਾਇਤ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ।

# ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਨਾਲ ਨਿੱਘੀ ਮਿਲਣੀ



ਬਰੈਂਪਟਨ /ਬਾਸੀ ਹਰਚੰਦ ) ਮਾਨਯੋਗ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਅੱਜ ਕੱਲ ਟੋਰਾਂਟੋ ਕੇਨੇਡਾ ਵਿਖੇ ਅੰਤਰ ਰਾਸ਼ਟਰੀ ਪੱਧਰ ਦਾ ਸਪੀਕਰਜ ਦਾ ਪਰੋਗਰਾਮ ਅਟੈਂਡ ਕਰਨ ਆਏ ਹੋਏ ਹਨ। ਆਮ ਆਦਮੀ ਪਾਰਟੀ ਦੇ ਵਲੰਟੀਅਰਜ਼ ਵੱਲੋਂ ਉਹਨਾਂ ਦੇ ਸੁਆਗਤ ਅਤੇ ਐਨ ਆਰ ਆਈਜ਼ ਦੀ ਸਮੱਸਿਆਵਾਂ ਸਾਂਝੀਆਂ ਕਰਨ ਲਈ ਥੋੜੇ ਸਮੇਂ ਦੇ ਨੋਟਿਸ ਤੇ ਲੱਕੀ ਸਵੀਟਸ ਰੈਸਟੋਰੈਂਟ ਵਿਖੇ ਪ੍ਰੋਗਰਾਮ ਰੱਖਿਆ ਗਿਆ। ਆਪਣੇ ਹੋਰ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਉਹ ਲੱਗ ਪੱਗ ਦੋ ਵਜੇ ਪਹੁੰਚੇ। ਪਹੁੰਚਣ ਤੇ ਹਰਪ੍ਰੀਤ ਸਿੰਘ ਖੋਸਾ, ਕਮਲਜੀਤ ਸਿੰਘ ਸਿੱਧੂ ,ਪਾਲ ਰੰਧਾਵਾ, ਸੋਹਣ ਸਿੰਘ ਢੀਨਸਾ, ਹਰਚੰਦ ਸਿੰਘ ਬਾਸੀ, ਨਰਿੰਦਰ ਸਿੰਘ ਸੈਣੀ ਨੇ ਓਹਾਂ ਦਾ ਸੁਆਗਤ ਕੀਤਾ। ਆਉਦਿਆਂ ਸਾਰ ਪਹਿਲਾਂ ਹਰ ਟੇਬਲ ਤੇ ਜਾ ਕੇ ਇੱਕ ਇੱਕ ਵਲੰਟੀਅਰ ਨੂੰ ਬੜੇ ਤਪਾਕ ਨਾਲ ਮਿਲੇ। ਉਹਨਾਂ ਦੇ ਨਾਲ ਸਟੇਜ ਤੇ ਉਘੇ ਪੱਤਰਕਾਰ ਜਸਵੀਰ ਸਮੀਲ, ਸੋਹਣ ਸਿੰਘ ਢੀਨਸਾ, ਕਮਲਜੀਤ ਸਿੱਧੂ, ਨਿਮਰਤਾ ਸ਼ੇਰਗਿਲ ਬਿਰ-ਾਜਮਾਨ ਹੋਏ। ਉਪਰੰਤ ਸਟੇਜ ਦੀ ਜੁੰਮੇਵਾਰੀ ਸੰਭਾਲਦਿਆਂ ਹਰਪ੍ਰੀਤ ਸਿੰਘ ਖੋਸਾ ਨੇ ਉਹਨਾਂ ਦੇ ਲਈ ਸੁਆਗਤੀ ਬੜੇ ਸੰਖੇਪ ਅਤੇ ਭਾਵਪੂਰਕ ਸ਼ਬਦ ਕਹੇ। ਹਰ ਚੋਣ ਸਮੇਂ ਪੰਜਾਬ ਜਾਕੇ ਪਾਰਟੀ ਦੀ ਜਿੱਤ ਲਈ ਚੋਣ ਪਰਚਾਰ ਦਾ ਕੰਮ ਕੀਤਾ । ਹੋਰ ਸਾਥੀਆਂ ਦੇ ਨਾਲ ਜੱਸ ਸਿੱਧੂ,ਅਲਮਜੀਤ ਮਾਨ, ਡਾਕਟਰ ਗੁਰਦੀਪ ਸਿੰਘ ਗਰੇਵਾਲ, ਜਗਦੀਪ ਬਰਾੜ, ਸੁਖਜੀਤ ਬਰਾੜ ਸੁਰਿੰਦਰ ਅਰੋੜਾ ਜਸਵਿੰਦਰ ਰੰਧਾਵਾ, ਗੁਰਜੀਤ ਮੁੰਦਰਾ ਅਤੇ ਭੁਪਿੰਦਰ ਚੀਮਾਂ ਸਮੇਤ ਇੱਕ ਇੱਕ ਵਲੰਟੀਅਰ ਦੀ ਪਾਰਟੀ ਲਈ ਤਨਦੇਹੀ ਨਾਲ ਕੰਮ





ਕਰਨ ਦੀ ਉਹਨਾਂ ਸ਼ਲਾਘਾ ਕੀਤੀ। ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਅਤੇ ਪੰਜਾਬ ਵਿਧਾਨ ਸਭਾ ਦਾ ਸਪੀਕਰ ਬਨਣ ਦੀਆਂ ਵਧਾਈਆਂ ਦਿਤੀਆਂ। ਕਮਲਜੀਤ ਸਿੰਘ ਨੇ ਦੱਸਿਆ ਕਿ ਕਿਵੇਂ ਐਨ ਆਰ ਆਈਜ ਨੇ ਆਪਣੇ ਪੰਜਾਬ ਦੀ ਵਿਗੜਦੀ ਹਾਲਤ ਦੀ ਚਿੰਤਾ ਕਰਕੇ ਆਮ ਆਦਮੀ ਪਾਰਟੀ ਲਈ ਕਨੇਡਾ ਵਿਚ ਬੈਠ ਕੇ ਤਨ ਦੇਹੀ ਨਾਲ ਕੰਮ ਕੀਤਾ। ਨਰਿੰਦਰ ਸਿੰਘ ਸੈਣੀ ਨੇ ਵਧਾਈਆਂ ਵੀ ਦਿਤੀਆਂ ਅਤੇ ਸਮੱਸਿਆਵਾਂ ਵੱਲ ਵੀ ਧਿਆਨ ਦੁਆਇਆ। ਹਰਚੰਦ ਸਿੰਘ ਬਾਸੀ ਨੇ ਜਿੱਤ ਮਗਰੋਂ ਲੋਕਾਂ ਦੀਆਂ ਹਰ ਖੇਤਰ ਵਿੱਚ ਸੁਧਾਰਾਂ ਪ੍ਰਤੀ ਵੱਡੀਆਂ ਆਸਾਂ ਅਤੇ ਸਰਕਾਰ ਦੀਆਂ ਚੁਨੌਤੀਆਂ ਬਾਰੇ ਸਰਕਾਰ ਤੋਂ ਉਤਸਾਹ ਜਨਕ ਨਤੀਜਿਆਂ ਦੀ ਮੰਗ ਕੀਤੀ। ਵਿਸ਼ੇਸ਼ ਕਰਕੇ ਐਨ ਆਰ ਆਈ ਦੀਆਂ ਘਰ, ਜਾਇਦਾਦਾਂ ਦੀ ਸੁਰੱਖਿਆ ਸਬੰਧੀ ਠੋਸ ਕਾਨੂੰਨ ਬਣਾਉਣਾ ਅਤੇ ਕਿਸਾਨਾਂ ਦੀਆਂ ਜਮੀਨਾਂ ਦੀ ਤਕਸੀਮ ਸਰਲ ਅਤੇ ਸਮਾਂ ਬੱਧ ਕਰਨ ਬਾਰੇ ਪਹਿਲ ਦੇ ਅਧਾਰ ਤੇ ਨਜਿਠਣ ਬਾਰੇ ਮੰਗ ਕੀਤੀ। ਰਸੂਖਦਾਰਾਂ ਵੱਲੋਂ ਪੰਜਾਬ ਦੀ ਬੁਰੀ ਤਰਾਂ ਲੁੱਟ ਕਰਨ ਵਾਲੇ ਚਾਹੇ ਰਾਜਨੀਤਕ ਲੋਕ ਜਾ ਛੋਟੇ ਤੋਂ ਉਚ ਅਹੁਦਿਆਂ ਤੇ ਬੈਠੇ ਅਫਸਰ ਸ਼ਾਹ ਲੋਕਾਂ ਤੋਂ ਬਿਨਾਂ ਲਿਹਾਜ ਅਤੇ ਵਿਤਕਰੇ ਦੇ ਲੁੱਟ ਦਾ ਮਾਲ ਮੁੜਾਇਆ ਜਾਏ। ਅਤੇ ਸਜਾਵਾਂ ਦੁਆਈਆਂ ਜਾਣ। ਸੰਧਵਾਂ ਸਾਹਿਬ ਨੇ ਤਸੱਲੀ ਦਿਤੀ ਕਿ ਕੰਮ ਵਿਗੜਿਆ ਹੀ ਬਹੁਤ ਹੈ ਹਰ ਖੇਤਰ ਤਾਰ ਤਾਰ ਹੈ । ਲੋਕਾਂ ਦੀਆਂ ਉਮੀਦਾਂ ਦਾ ਸਾਨੂੰ ਵੀ ਪਤਾ ਹੈ। ਈਮਾਨਦਾਰੀ ਨਾਲ ਲੱਗੇ ਹਾਂ ਗੱਡੀ ਪਟੜੀ ਤੇ ਚਾੜ ਲਵਾਂਗੇ ਫਿਰ ਸਾਰਾ ਸਿਸਟਮ ਆਪਣੇ ਆਪ ਦੌੜਣ ਲੱਗੇਗਾ । ਇਹੋ ਸਾਡੀ ਮਨਸਾ,ਉਦੇਸ਼ ਅਤੇ ਪ੍ਰਤੀਬੱਧਤਾ ਹੈ। ਟੀਚੇ ਨੂੰ ਲੋਕਾਂ ਦੇ ਸਾਥ ਨਾਲ ਜਰੂਰ ਪਾ ਲਵਾਂਗੇ। ਵਲੰਟੀਅਰਜ਼ ਵੱਲੋਂ ਉਹਨਾਂ ਨੂੰ ਯਾਦਗਾਰੀ ਪਲੈਕ ਅਤੇ ਲੋਈ ਦੇ ਕੇ ਸਨਮਾਨਿਤ ਕੀਤਾ ਗਿਆ। ਆਮ ਆਦਮੀ ਦੇ ਵਲੰਟੀਅਰਜ਼ ਵੱਲੋਂ ਪ੍ਰੀਤੀ ਭੋਜਨ ਦਾ ਪਰਬੰਧ ਵੀ ਕੀਤਾ ਗਿਆ ਸੀ। ਬਾਅਦ ਵਿੱਚ ਸੰਧਵਾਂ ਸਾਹਿਬ ਨਾਲ ਯਾਦਗਾਰੀ ਗਰੁੱਪ ਫੋਟੋ ਕੀਤੀ ਗਈ।

# ਸੂਬਾ ਵਾਸੀਆਂ ਨੂੰ ਵੱਡਾ ਤੋਹਫ਼ਾ, 283 ਨਾਗਰਿਕ ਸੇਵਾਵਾਂ ਦੇ ਡਿਜ਼ੀਟਲ ਦਸਤਖਤ ਸਰਟੀਫਿਕੇਟ ਮਿਲਣਗੇ : ਮੀਤ ਹੇਅਰ



ਚੰਡੀਗੜ੍ਹ, 1 ਸਤੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਸੂਬਾ ਵਾਸੀਆਂ ਨੂੰ ਘਰ ਬੈਠਿਆਂ ਬਿਨਾਂ ਕਿਸੇ ਖੱਜਲ ਖੁਆਰੀ ਦੇ ਸੁਖਾਲੀਆਂ ਤੇ ਪਾਰਦਰਸ਼ੀ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਉਤੇ ਚੱਲਦਿਆਂ ਪ੍ਰਸ਼ਾਸਕੀ ਸੁਧਾਰ ਵਿਭਾਗ ਵੱਲੋਂ ਵੱਡਾ ਫੈਸਲਾ ਲੈਂਦਿਆਂ ਸੇਵਾ ਕੇਂਦਰਾਂ ਰਾਹੀਂ ਮੁਹੱਈਆ ਕਰਵਾਈਆਂ ਜਾਂਦੀਆਂ 283 ਸੇਵਾਵਾਂ ਦੇ ਸਰਟੀਫਿਕੇਟ ਡਿਜੀਟਲ ਦਸਤਖਤਾਂ ਨਾਲ ਬਿਨੈਕਾਰ ਨੂੰ ਘਰ ਬੈਠਿਆਂ ਹੀ ਵੱਟਸਐਪ ਜਾਂ ਈਮੇਲ ਰਾਹੀਂ ਸਰਟੀਫਿਕੇਟ ਮਿਲ ਜਾਵੇਗਾ।

ਇਹ ਜਾਣਕਾਰੀ ਪ੍ਰਸ਼ਾਸਕੀ ਸੁਧਾਰ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਅੱਜ ਇਥੇ ਵਿਭਾਗ ਦੇ ਕੰਮਕਾਜ ਦੀ ਸਮੀਖਿਆ ਲਈ ਮੀਟਿੰਗ ਉਪਰੰਤ ਜਾਰੀ ਪ੍ਰੈਸ ਬਿਆਨ ਰਾਹੀਂ ਦਿੱਤੀ। 283 ਸੇਵਾਵਾਂ ਦੀ ਡਿਲਵਿਰੀ ਡਿਜ਼ੀਟਲ ਕਰਦਿਆਂ ਇਸ ਸਬੰਧੀ ਵਿਭਾਗ ਵੱਲੋਂ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ ਹੈ। ਇਨਾਂ ਸੇਵਾਵਾਂ ਵਿੱਚ ਜਾਤੀ ਸਰਟੀਫਿਕੇਟ, ਜਨਮ ਤੇ ਮੌਤ ਸਰਟੀਫਿਕੇਟ, ਰਿਹਾਇਸ਼ੀ ਸਰਟੀਫਿਕੇਟ, ਬੁਢਾਪਾ ਪੈਨਸ਼ਨ, ਵਿਆਹ ਸਰਟੀਫਿਕੇਟ, ਅਸਲਾ ਰੀਨਿਊ ਕਰਨਾ, ਜਨਰਲ ਜਾਤੀ ਸਰਟੀਫਿਕੇਟ, ਭਾਰ ਮੁਕਤ ਸਰਟੀਫਿਕੇਟ, ਪਿਛੜਾ ਖੇਤਰ ਸਰਟੀਫਿਕੇਟ ਆਦਿ ਪ੍ਰਮੁੱਖ ਹਨ ਜਿਨਾਂ ਦੀ ਰੋਜ਼ਾਨਾ ਜ਼ੰਦਿਗੀ ਵਿੱਚ ਲੋਕਾਂ ਨੂੰ ਸਭ ਤੋਂ ਵੱਧ ਲੋੜ ਪੈਂਦੀ ਹੈ।

ਮੀਤ ਹੇਅਰ ਨੇ ਅੱਗੇ ਦੱਸਿਆ ਕਿ ਇਸ ਤੋਂ ਪਹਿਲਾਂ ਲੋਕਾਂ ਨੂੰ ਇਕੋ ਸਰਟੀਫਿਕੇਟ ਦੀ ਦੁਬਾਰਾ ਲੋੜ ਪੈਣ ਉਤੇ ਵਾਰ-ਵਾਰ ਗੇੜੇ ਲਗਾਉਣੇ ਪੈਂਦੇ ਸਨ ਜਿਵੇਂ ਕਿ ਕਿਸੇ ਵਿਦਿਆਰਥੀ ਨੂੰ ਦਾਖਲੇ ਲਈ ਜਨਮ ਜਾਂ ਜਾਤੀ ਸਰਟੀਫਿਕੇਟ ਹਾਸਲ ਕਰਨਾ। ਹਰ ਵਾਰ ਸੇਵਾ ਕੇਂਦਰ ਜਾ ਕੇ ਹੋਲੋਗਰਾਮ ਨਾਲ ਦਸਤਖਤ ਕਰਵਾ ਕੇ ਸਰਟੀਫਿਕੇਟ ਹਾਸਲ ਕਰਨਾ ਪੈਂਦਾ ਸੀ। ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਲੋਕਾਂ ਦੀ ਖੱਜਲ ਖੁਆਰੀ ਖਤਮ ਕਰਨ ਲਈ ਦਿੱਤੇ ਨਿਰਦੇਸ਼ਾਂ ਤਹਿਤ ਹੁਣ ਇਨਾਂ 283 ਸੇਵਾਵਾਂ ਵਾਲੇ ਸਰਟੀਫਿਕੇਟ ਲਈ ਇਕ ਵਾਰ ਅਪਲਾਈ ਕਰਨ ਤੋਂ ਬਾਅਦ ਬਿਨੈਕਾਰ ਨੂੰ ਵੱਟਸਐਪ ਜਾਂ ਈਮੇਲ ਰਾਹੀਂ ਘਰ ਬੈਠਿਆਂ ਡਿਜੀਟਲ ਦਸਤਖਤਾਂ ਵਾਲਾ ਸਰਟੀਫਿਕੇਟ ਮਿਲ ਜਾਵੇਗਾ ਅਤੇ ਉਹ ਇਸ ਦੀਆਂ ਆਪਣੀ ਲੋੜ ਅਨੁਸਾਰ ਕਾਪੀਆਂ ਪ੍ਰਿੰਟ ਕਰਵਾ ਸਕਦਾ। ਇਸ ਸਰਟੀਫਿਕੇਟ ਦੀ ਵੈਧ ਹੋਣ ਬਾਰੇ ਪ੍ਰਸ਼ਾਸਕੀ ਸੁਧਾਰ ਵੱਲੋਂ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਗਿਆ। ਇਸ ਤੋਂ ਇਲਾਵਾ 93 ਸੇਵਾਵਾਂ ਘਰ ਬੈਠਿਆ ਹੀ ਆਨਲਾਈਨ ਅਪਲਾਈ ਕੀਤੀਆਂ ਜਾ ਸਕਦੀਆਂ ਜਿਸ ਲਈ ਸੇਵਾ ਕੇਂਦਰ ਆਉਣ ਦੀ ਵੀ ਲੋੜ ਨਹੀਂ।

ਪ੍ਰਸ਼ਾਸਕੀ ਸੁਧਾਰ ਮੰਤਰੀ ਨੇ ਸੇਵਾ ਕੇਂਦਰਾਂ ਵਿੱਚ ਪੈਂਡਿੰਗ ਕੇਸਾਂ ਦੀ ਸਮੀਖਿਆ ਕਰਦਿਆਂ ਜ਼ਿਲਾ ਵਾਰ ਮੁਲਾਂਕਣ ਕੀਤਾ ਅਤੇ ਇਨਾਂ ਨੂੰ ਤੁਰੰਤ ਖਤਮ ਕਰਨ ਲਈ ਆਖਿਆ। ਉਨਾਂ ਨਾਲ ਹੀ ਵਿਭਾਗ ਨੂੰ ਆਖਿਆ ਕਿ ਸਮੂਹ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਸੇਵਾਂ ਕੇਂਦਰਾਂ ਦੀ ਨਿਰੰਤਰ ਨਿਗਰਾਨੀ ਕਰਨ ਅਤੇ ਲੋਕਾਂ ਦੀ ਫੀਡਬੈਕ ਹਾਸਲ ਕਰਨ ਦੇ ਵੀ ਨਿਰਦੇਸ਼ ਦਿੱਤੇ। ਇਸ ਤੋਂ ਇਲਾਵਾ ਡਿਜੀਟਲ ਦਸਤਖਤ ਵਾਲੀਆਂ 293 ਸੇਵਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਪ੍ਰਚਾਰ ਕੀਤਾ ਜਾਵੇ।


ਮੀਟਿੰਗ ਵਿੱਚ ਪ੍ਰਸ਼ਾਸਕੀ ਸੁਧਾਰ ਦੇ ਪ੍ਰਮੁੱਖ ਸਕੱਤਰ ਤੇਜਵੀਰ ਸਿੰਘ ਤੇ ਡਾਇਰੈਕਟਰ ਗਿਰਿਸ਼ ਦਿਆਲਨ ਵੀ ਮੌਜੂਦ ਸਨ।

# ਸਪੀਕਰ ਸੰਧਵਾਂ ਨੇ ਉਪਲ ਪਰਿਵਾਰ ਨਾਲ ਕੀਤੀ ਮੁਲਾਕਾਤ



ਪੰਜਾਬ ਵਿਧਾਨ ਸਭਾ ਪੰਜਾਬ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਆਪਣੇ ਕੈਨੇਡਾ ਦੌਰੇ ਦੌਰਾਨ ਰਿਆਲਟਰ ਰੁਪਿੰਦਰ ਉਪਲ (ਮਾਸਟਰਜੀ) ਅਤੇ ਉਨ੍ਹਾਂ ਦੇ ਪਰਿਵਾਰ ਨੂੰ ਮਿਲੇ। ਇਸ ਬਾਰੇ ਜਾਣਕਾਰੀ ਦਿੰਦਿਆਂ ਰੁਪਿੰਦਰ ਉਪਲ (ਮਾਸਟਰਜੀ) ਨੇ ਦੱਸਿਆ ਕਿ ਸੰਧਵਾਂ ਦਾ ਸਵਾਗਤ ਕਰਨ ਲਈ ਬਹੁਤ ਸਾਰੇ ਦੋਸਤ ਅਤੇ ਵਲੰਟੀਅਰ ਇਕੱਠੇ ਹੋਏ ਅਤੇ ਮੌਜੂਦਾ ਸਰਕਾਰ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ। ਸੰਧਵਾਂ ਨੇ ਸਾਰੀਆਂ ਸ਼ਿਕਾਇਤਾਂ ਅਤੇ ਸੁਝਾਵਾਂ ਨੂੰ ਨੋਟ ਕੀਤਾ ਅਤੇ ਸਾਰਿਆਂ ਦਾ ਸਤਿਕਾਰ ਨਾਲ ਜਵਾਬ ਦਿੱਤਾ। ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕਰਨ ਲਈ ਮਿਸਟਰ ਮੌਲਕ ਢਿੱਲੋਂ ਦਾ ਧੰਨਵਾਦ ਕੀਤਾ। ਸੰਧਵਾਂ ਨੇ ਇਸ ਸ਼ਾਨਦਾਰ ਸਮਾਗਮ ਵਿੱਚ ਸ਼ਾਮਲ ਹੋਣ ਵਾਲੇ ਸਾਰਿਆਂ ਪ੍ਰਤੀ ਪਿਆਰ ਅਤੇ ਸਨੇਹ ਪ੍ਰਗਟਾਇਆ। ਮਾਸਟਰਜੀ ਨੇ ਧੰਨਵਾਦ ਕਰਦਿਆਂ ਦੱਸਿਆ ਕਿ ਕਿਵੇਂ ਲੋਕ ਔਖੇ ਵੇਲੇ ਪਾਰਟੀ ਛੱਡ ਕੇ ਭੱਜਦੇ ਰਹੇ ਤੇ ਮਖੌਲ ਕਰਦੇ ਰਹੇ ਕਿ ਇੰਨਾਂ ਦਾ ਭਾਵ 'ਆਪ' ਦਾ ਕੁਝ ਨਹੀਂ ਬਣਨਾ ਤੇ ਝਾੜੂ ਤਾਂ ਤੀਲਾ ਤੀਲਾ ਹੋ ਗਿਆ, ਪਰ ਅਸੀਂ ਅਡੋਲ ਤੇ ਨਿਰਸੁਆਰਥ ਹਰ ਵਕਤ ਪਾਰਟੀ ਨਾਲ ਖੜੇ ਰਹੇ ਤੇ ਖੜ੍ਹੇ ਰਹਾਂਗੇ। ਮਾਸਟਰ ਜੀ ਤੋਂ ਇਲਾਵਾ ਪਾਰਟੀ ਦੇ ਬਹੁਤ ਸਾਰੇ ਵਲੰਟੀਅਰ ਅਤੇ ਗੁਰਪ੍ਰੀਤ ਕੰਗ, ਰਾਜਾ ਗਿੱਲ ਵੀ ਹਾਜ਼ਰ ਸਨ। ਇਸ ਦੌਰਾਨ ਸ੍ਰੀ ਸੰਧਵਾਂ ਨੇ ਕਿਹਾ ਕਿ ਮੈਂ ਨਿੱਜੀ ਤੌਰ 'ਤੇ ਉਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਜੋ ਕੈਨੇਡਾ ਵਿੱਚ ਆਮ ਆਦਮੀ ਪਾਰਟੀ ਪੰਜਾਬ ਲੀਡਰਸ਼ਿਪ ਦਾ ਸਮਰਥਨ ਅਤੇ ਸਵਾਗਤ ਕਰ ਰਹੇ ਹਨ।





# ਹੁਨਰ ਕਾਹਲੋਂ ਦੀ ਮੁਹਿੰਮ ਨੂੰ ਕੈਲੇਡਨ ਵਾਰਡ-2 ਵਿਚ ਮਿਲ ਰਿਹੈ ਭਰਵਾਂ ਹੁੰਗਾਰਾ

## ਮੀਡੀਏ ਤੇ ਸੋਸ਼ਲ-ਮੀਡੀਏ ਨੂੰ ਦਿੱਤੀ ਜਾ ਰਹੀ ਏ ਪ੍ਰਾਥਮਿਕਤਾ



ਕੈਲੇਡਨ (ਡਾ. ਝੰਡ) - ਮਿਉਂਨਿਸਿਪਲ ਚੋਣਾਂ 24 ਅਕਤੂਬਰ ਨੂੰ ਹੋ ਰਹੀਆਂ ਹਨ। ਬੇਸ਼ਕ, ਇਨ੍ਹਾਂ ਵਿਚ ਅਜੇ ਲੱਗਭੱਗ ਸੱਤ ਹਫ਼ਤੇ ਦਾ ਸਮਾਂ ਬਾਕੀ ਹੈ ਪਰ ਇਨ੍ਹਾਂ ਦੇ ਲਈ ਚੋਣ ਸਰਗ਼ਰਮੀਆਂ ਹੁਣ ਤੋਂ ਹੀ ਕਾਫ਼ੀ ਜ਼ੋਰ ਫੜ੍ਹ ਰਹੀਆਂ ਹਨ। ਵੱਖ-ਵੱਖ ਅਹੁਦਿਆਂ ਲਈ ਇਨ੍ਹਾਂ ਵਿਚ ਹਿੱਸਾ ਲੈਣ ਵਾਲੇ ਉਮੀਦਵਾਰ ਆਪੋ-ਆਪਣੇ ਚੋਣ ਹਲਕੇ ਵਿਚ ਛੋਟੀਆਂ-ਛੋਟੀਆਂ ਨੁੱਕੜ-ਮੀਟਿੰਗਾਂ ਕਰ ਰਹੇ ਹਨ ਅਤੇ ਉਹ ਇਨ੍ਹਾਂ ਮੀਟਿੰਗਾਂ ਵਿਚ ਵੋਟਰਾਂ ਨੂੰ ਆਪਣੇ ਬਾਰੇ ਤੇ ਆਪਣੇ ਸੰਭਾਵੀ ਏਜੰਡੇ ਬਾਰੇ ਦੱਸ ਰਹੇ ਹਨ। ਕਈ ਉਮੀਦਵਾਰਾਂ ਵੱਲੋਂ ਚਾਹ-ਪਾਰਟੀਆਂ ਤੇ ਬਾਰ-ਬੀ-ਕਿਊ ਪਾਰਟੀਆਂ ਵੀ ਆਰੰਭ ਹੋ ਗਈਆਂ ਹਨ। ਕੁਝ ਇਸ ਤਰ੍ਹਾਂ ਦੀ ਸਰਗ਼ਰਮੀ ਬੀਤੇ ਦਿਨੀਂ ਕੈਲੇਡਨ ਦੇ ਵਾਰਡ ਨੰ: 2 ਵਿਚ ਵੀ ਵੇਖਣ ਨੂੰ ਮਿਲੀ। ਕੈਲੇਡਨ ਸਿਟੀ ਕੌਂਸਲਰ ਦੇ ਲਈ ਉਹ ਇੱਥੇ ਇਸ ਵਾਰਡ ਵਿਚ ਹੋਰ ਦੋ-ਤਿੰਨ ਉਮੀਦਵਾਰਾਂ ਸਮੇਤ ਪੰਜਾਬੀ ਉਮੀਦਵਾਰ ਹੁਨਰ ਕਾਹਲੋਂ ਵੀ ਮੈਦਾਨ ਵਿਚ ਹੈ। ਉਹ ਵੀ ਆਪਣੇ ਨੌਜੁਆਨ ਸਾਥੀਆਂ ਦੇ ਸਹਿਯੋਗ ਅਤੇ ਸੀਨੀਅਰ ਬਜ਼ੁਰਗਾਂ ਦੇ ਆਸ਼ੀਰਵਾਦ ਨਾਲ ਆਪਣੀ ਚੋਣ-ਮੁਹਿੰਮ ਨੂੰ ਬੜੀ ਸੂਝ-ਬੂਝ ਨਾਲ ਅੱਗੇ ਵਧਾ ਰਿਹਾ ਹੈ। ਉਸ ਦਾ ਆਪਣਾ ਅਤੇ ਉਸ ਦੇ ਸਮੱਰਥਕਾਂ ਦਾ ਕਹਿਣਾ ਹੈ ਕਿ ਉਸ ਦੀ ਚੋਣ-ਮੁਹਿੰਮ ਨੂੰ ਕੈਲਾਡਨ-ਵਾਸੀਆਂ ਵੱਲੋਂ ਬਹੁਤ ਵਧੀਆ ਹੁੰਗਾਰਾ ਮਿਲ ਰਿਹਾ ਹੈ। ਆਪਣੀ ਇਸ ਚੋਣ-ਮੁਹਿੰਮ ਨੂੰ ਅੱਗੇ ਵਧਾਉਂਦਿਆਂ ਹੋਇਆਂ ਹੁਨਰ ਕਾਹਲੋਂ ਵੱਲੋਂ ਲੰਘੇ ਐਤਵਾਰ ਕੈਲੇਡਨ ਦੇ ਵਾਰਡ-2 ਏਰੀਏ ਵਿਚ ਸ਼ਾਨਦਾਰ 'ਬਾਰ-ਬੀ-ਕਿਊ' ਦਾ ਆਯੋਜਨ ਕੀਤਾ ਗਿਆ ਜਿਸ ਵਿਚ ਜਿੱਥੇ ਵੱਖ-ਵੱਖ ਕਮਿਊਨਿਟੀਆਂ ਦੇ ਨੌਜੁਆਨ ਕਾਫ਼ੀ ਗਿਣਤੀ ਵਿਚ ਸ਼ਾਮਲ ਹੋਏ, ਉੱਥੇ ਸੀਨੀਅਰਜ਼ ਕਲੱਬਾਂ ਦੇ ਪ੍ਰਮੁੱਖ ਅਹੁਦੇਦਾਰ ਅਤੇ ਮੈਂਬਰਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਸਾਰਿਆਂ ਨੇ ਮਿਲ ਕੇ ਬਾਰ-ਬੀ-ਕਿਊ ਦਾ ਆਨੰਦ ਮਾਣਦਿਆਂ ਹੋਇਆਂ ਇਸ ਦੌਰਾਨ ਚੋਣ ਮੁਹਿੰਮ ਨੂੰ ਸਫ਼ਲਤਾ-ਪੂਰਵਕ ਅੱਗੇ ਲਿਜਾਣ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਨੌਜੁਆਨ ਆਗੂ ਸੁਰਿੰਦਰ ਮਾਵੀ ਵੱਲੋਂ ਸਾਰਿਆਂ ਦਾ ਭਰਵਾਂ ਸੁਆਗ਼ਤ ਕੀਤਾ ਗਿਆ ਅਤੇ ਹੁਨਰ ਕਾਹਲੋਂ ਵੱਲੋਂ ਆਪਣੇ ਭਵਿੱਖਮਈ ਚੋਣ-ਏਜੰਡੇ ਬਾਰੇ ਵਿਚਾਰ ਦਰਸਾਏ ਗਏ।

ਇੱਥੇ ਇਹ ਵਰਨਣਯੋਗ ਹੈ ਕਿ ਕਿ ਕੈਲੇਡਨ ਵਾਰਡ ਨੰ: 2 ਵਿਚ ਹੁਨਰ ਕਾਹਲੋਂ ਦੀ ਆਪਣੇ ਸੰਭਾਵੀ ਪ੍ਰਤੀ-ਦਵੰਦਵੀ ਰਹਿਮਤ ਗਿੱਲ ਨਾਲ ਆਪਸੀ ਸਹਿਮਤੀ ਬਣ ਜਾਣ ਤੋਂ ਬਾਅਦ ਉਹ ਹੁਣ ਕੈਲੇਡਨ ਦੇ ਵਾਰਡ ਨੰ: 1, 2 ਅਤੇ 3 ਤੋਂ ਰੀਜਨਲ ਕੌਂਸਲਰ ਵਜੋਂ ਚੋਣ ਲੜ ਰਿਹਾ ਹੈ। ਇਸ ਸਰਗ਼ਰਮੀ ਨੂੰ ਕੈਲੇਡਨ ਦੇ ਇਸ ਏਰੀਏ ਲਈ 'ਸ਼ੁਭ-ਸ਼ਗਨ' ਮੰਨਿਆ ਜਾ ਰਿਹਾ ਹੈ ਅਤੇ ਲੋਕ ਆਸ ਕਰ ਰਹੇ ਹਨ ਕਿ ਇਸ ਨਾਲ ਦੋਹਾਂ ਹੀ ਉਮੀਦਵਾਰਾਂ ਨੂੰ ਫ਼ਾਇਦਾ ਹੋਵੇਗਾ, ਕਿਉਂਕਿ ਇਸ ਤਰ੍ਹਾਂ ਉਨ੍ਹਾਂ ਦੋਹਾਂ ਦੇ ਜਿੱਤਣ ਦੀਆਂ ਵਧੇਰੇ ਸੰਭਾਵਨਾਵਾਂ ਬਣ ਸਕਦੀਆਂ ਹਨ।

ਇਸ ਮੀਟਿੰਗ ਵਿਚ ਜਿੱਥੇ ਸਥਾਨਕ ਕੈਲਾਡਨ-ਵਾਸੀਆਂ ਦੀ ਕਾਫ਼ੀ ਭਰਮਾਰ ਸੀ, ਉੱਥੇ ਬਰੈਂਪਟਨ ਤੋਂ ਕਈ ਸੁਹਿਰਦ ਸੱਜਣ ਅਤੇ ਪੰਜਾਬੀ ਮੀਡੀਏ ਦੇ ਰੇਡੀਓ, ਟੀ.ਵੀ. ਅਤੇ ਅਖ਼ਬਾਰਾਂ ਦੇ ਨੁਮਾਇੰਦੇ ਵੀ ਕਾਫ਼ੀ ਗਿਣਤੀ ਵਿਚ ਪਹੁੰਚੇ ਹੋਏ ਸਨ। ਇਸ ਦਾ ਮੁੱਖ ਕਾਰਨ ਨੌਜੁਆਨ ਹੁਨਰ ਕਾਹਲੋਂ ਦੀ ਆਪਣੀ ਲੋਕ-ਪ੍ਰੀਅਤਾ, ਉਸ ਦੇ ਪਿਤਾ ਜੀ ਮਲੂਕ ਸਿੰਘ ਕਾਹਲੋਂ ਦੀਆਂ ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਖ਼ੇਤਰ ਵਿਚ ਭਰਪੂਰ ਸਰਗ਼ਰਮੀਆਂ ਅਤੇ ਉਸ ਦੀ ਸਮੁੱਚੀ ਟੀਮ ਦੇ ਮੈਂਬਰਾਂ ਵੱਲੋਂ ਪੂਰੀ ਤਨਦੇਹੀ ਨਾਲ ਕੰਮ ਕਰਨ ਦੀ ਪ੍ਰਬਲ ਇੱਛਾ ਹੈ। ਉਸ ਦੀ ਇਸ ਚੋਣ-ਮਹਿੰਮ ਟੀਮ ਵਿਚ ਨੌਜੁਆਨ ਮੈਂਬਰਾਂ ਦੀ ਗਿਣਤੀ ਕਾਫ਼ੀ ਹੈ ਜੋ ਇਸ ਚੋਣ-ਮੁਹਿੰਮ ਨੂੰ ਸੋਸ਼ਲ-ਮੀਡੀਏ ਅਤੇ ਹੋਰ ਆਧੁਨਿਕ ਸੰਚਾਰ-ਸਾਧਨਾਂ ਰਾਹੀਂ ਅੱਗੇ ਵਧਾ ਰਹੇ ਹਨ।



ਪਿਛਲੇ ਕੁਝ ਹਫ਼ਤਿਆਂ ਤੋਂ ਹੁਨਰ ਕਾਹਲੋਂ ਮੀਡੀਏ ਵਿਚ ਵੀ ਕਾਫ਼ੀ ਸਰਗ਼ਰਮ ਹੈ। ਦੋ ਕੁ ਹਫ਼ਤੇ ਪਹਿਲਾਂ 'ਹਮਦਰਦ ਟੀ.ਵੀ.' ਦੇ ਸੰਚਾਲਕ ਅਮਰ ਸਿੰਘ ਭੁੱਲਰ ਨੇ ਉਸ ਨੂੰ ਇੰਟਰਵਿਊ ਕੀਤਾ ਸੀ ਅਤੇ ਇਸ ਹਫ਼ਤੇ 27 ਅਗੱਸਤ ਨੂੰ 'ਪੰਜਾਬੀ ਦੁਨੀਆਂ ਟੀ.ਵੀ.' ਦੇ ਸੰਚਾਲਕ ਹਰਜੀਤ ਸਿੰਘ ਗਿੱਲ ਨੇ ਉਸ ਦੇ ਨਾਲ ਕਾਫ਼ੀ ਲੰਮੀ-ਚੌੜੀ ਇੰਟਰਵਿਊ ਕੀਤੀ ਹੈ ਜਿਸ ਵਿਚ ਹੁਨਰ ਕਾਹਲੋਂ ਨੇ ਕੈਲੇਡਨ-ਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਸਾਂਝੀਆਂ ਕੀਤੀਆਂ ਅਤੇ ਕੈਲੇਡਨ ਦੇ ਵਿਕਾਸ ਲਈ ਆਪਣੇ ਏਜੰਡੇ ਵਿਚ ਸ਼ਾਮਲ ਸੰਭਾਵੀ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਉਸ ਨੇ ਇਹ ਵੀ ਦੱਸਿਆ ਕਿ ਕੈਲੇਡਨ ਦੇ ਵਾਰਡ-2 ਵਿਚ ਸਾਰੇ ਹੀ ਨਵੇਂ ਉਮੀਦਵਾਰ ਹਨ ਪਰ ਪੁਰਾਣੇ ਕੌਂਸਲਰ ਅਤੇ ਹੋਰ ਸਿਆਸੀ ਆਗੂ ਅਜੇ ਵੀ ਉੱਥੇ ਪੂਰੀ ਤਰ੍ਹਾਂ ਅਸਰਦਾਰ ਹਨ। ਅਖ਼ਬਾਰਾਂ ਵਿਚ ਹੁਨਰ ਕਾਹਲੋਂ ਦੀਆਂ ਕਾਫ਼ੀ ਖ਼ਬਰਾਂ ਲੱਗ ਰਹੀਆਂ ਹਨ। ਇਸ ਦੇ ਨਾਲ ਹੀ ਉਹ ਵੱਖ-ਵੱਖ ਰੇਡੀਓ ਪ੍ਰੋਗਰਾਮਾਂ ਅਤੇ ਸਮਾਜਿਕ ਇਕੱਤਰਤਾਵਾਂ ਵਿਚ ਵੀ ਆਪਣੇ ਵਿਚਾਰ ਸਾਂਝੇ ਕਰ ਰਿਹਾ ਹੈ। ਵੇਖੋ, ਅਗਲੇ ਹਫ਼ਤਿਆਂ ਵਿਚ ਉਸ ਦੀ ਚੋਣ-ਮੁਹਿੰਮ ਕੀ ਦਿਸ਼ਾ ਲੈਂਦੀ ਹੈ।

# ਡਾਨ ਮਿਨੇਕਰ ਸੀਨੀਅਰ ਕਲੱਬ ਦੀ ਨਵੀਂ ਕਮੇਟੀ ਦੀ ਚੋਣ ਹੋਈ

ਡਾਨ ਮਿਨੇਕਾਰ ਸੀਨੀਅਰਜ਼ ਕਲੱਬ ਬਰੈਂਪਟਨ ਦੀ ਕਮੇਟੀ ਦੀ ਤਿੰਨ ਸਾਲ ਦੀ ਟਰਮ ਪੂਰੀ ਹੋਣ ਕਰ ਕੇ 21 ਅਗਸਤ ਨੂੰ ਰਿਵਰਸਟੋਨ ਕਮਿਊਨਿਟੀ ਸੈਂਟਰ ਦੇ ਹਾਲ ਵਿਚ ਕਲੱਬ ਦੇ ਸਾਰੇ ਮੈਂਬਰਾਂ ਦਾ ਸਾਲਾਨਾ ਇਜਲਾਸ ਸੱਦਿਆ ਗਿਆ। ਸਭ ਤੋਂ ਪਹਿਲਾਂ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੇ ਸਰਕਾਰੀ ਨੁਮਾਇੰਦਿਆਂ ਨਾਲ ਵੱਖ ਵੱਖ ਸਮੇਂ ਹੋਈਆਂ ਮੀਟਿੰਗਾਂ ਦਾ ਵੇਰਵਾ ਦਿੱਤਾ। ਉਸ ਤੋਂ ਬਾਅਦ ਪੁਰਾਣੀ ਮੌਜੂਦਾ ਕਮੇਟੀ ਦੀ ਕਾਰਜਕਾਰਨੀ ਭੰਗ ਕਰਨ ਦਾ ਐਲਾਨ ਕੀਤਾ। ਗੁਰਦੇਵ ਸਿੰਘ ਜੌਹਲ ਅਤੇ ਸੋਹਣ ਸਿੰਘ ਸੰਧੂ ਨੂੰ ਨਵੀਂ ਕਮੇਟੀ ਦੀ ਚੋਣ ਕਰਵਾਉਣ ਦੀ ਬੇਨਤੀ ਕੀਤੀ। ਕਾਫ਼ੀ ਵਿਚਾਰ ਵਟਾਂਦਰੇ ਤੋਂ ਬਾਅਦ ਹੇਠ ਲਿਖੇ ਅਨੁਸਾਰ ਨਵੀਂ ਕਮੇਟੀ ਚੁਣੀ ਗਈ:

ਪ੍ਰਧਾਨ ਅਮਰੀਕ ਸਿੰਘ ਕੁਮਰੀਆ, ਮੀਤ ਪ੍ਰਧਾਨ ਜਗਦੇਵ ਸਿੰਘ ਗਰੇਵਾਲ, ਸੈਕਟਰੀ ਸੁਖਦੇਵ ਸਿੰਘ ਗਿੱਲ, ਖਜ਼ਾਨਚੀ ਹਰਨਾਮ ਸਿੰਘ ਸੰਧੂ ਅਤੇ ਗੁਰਬਖ਼ਸ਼ ਸਿੰਘ ਤੂਰ, ਰਾਮ ਪ੍ਰਕਾਸ਼ ਪਾਲ, ਗਿਆਨ ਸਿੰਘ ਸੰਘਾ, ਜਸਵੰਤ ਕੌਰ ਜੱਸੀ, ਰੁਖਵੰਤ ਕੌਰ ਸੰਧੂ ਅਤੇ ਮਨਜੀਤ ਸਿੰਘ ਢੇਸੀ ਡਾਇਰੈਕਟਰ ਚੁਣੇ ਗਏ। ਖਾਣੇ ਅਤੇ ਚਾਹ ਪਾਣੀ ਦਾ ਲੰਗਰ ਲਾਇਆ ਗਿਆ। ਅੰਤ ਵਿਚ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੇ ਸਾਰਿਆਂ ਦਾ ਧੰਨਵਾਦ ਕੀਤਾ ਕਲੱਬ ਵੱਲੋਂ ਸਾਲ ਦਾ ਆਖਰੀ ਟੂਰ ਸੈਨਟੇਨੀਅਲ ਬੀਚ ਅਤੇ ਪਾਰਕ ਜਾਣ ਦਾ ਬਣਾਇਆ ਗਿਆ। ਇਸ ਟੂਰ ਲਈ ਬੱਸ 10 ਸਤੰਬਰ ਨੂੰ ਸਵੇਰੇ 10 ਵਜੇ ਚੱਲੇਗੀ। ਹੋਰ ਜਾਣਕਾਰੀ ਲਈ 6479987253 'ਤੇ ਸੰਪਰਕ ਕੀਤਾ ਜਾ ਸਕਦਾ ਹੈ।






# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲੇ ਪ੍ਰਕਾਸ਼ ਦਿਵਸ ਦੇ ਸਮਾਗਮ ਹੋਏ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ ਸਜੇ ਹੋਏ ਦੀਵਾਨਾਂ ਵਿਚ ਗੁਰ-ਦੁਆਰਾ ਸਾਹਿਬ ਦੇ ਹਜੂਰੀ ਕੀਰਤਨੀਏ ਭਾਈ ਸੁਖਜੀਵਨ ਸਿੰਘ ਝੰਡੇਰ ਦੇ ਜਥੇ ਵਲੋਂ ਕੀਰਤਨ ਕੀਤਾ ਗਿਆ /ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਇਸ ਸਬੰਧੀ ਇਤਿਹਾਸਕ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ ਦਸਿਆ ਕਿ ਮਨੁੱਖਤਾ ਦੇ ਭਲੇ ਲਈ ਸਾਂਜੀਵਾਲਤਾ ਦਾ ਇਕ ਮਹਾਨ ਕਾਰਜ ਗੁਰੂ ਅਰਜੁਨ ਦੇਵ ਜੀ ਨੇ ਕੀਤਾ ,,, ਰਾਜਪਾਲ ਸਿੰਘ ਵਲੋਂ ਕਵਿਤਾ ਨਾਲ ਹਾਜ਼ਰੀ ਭਰੀ ਗਈ ਅਖੀਰ ਤੇ ਗੁਰਦੁ-ਆਰਾ ਪ੍ਰਬੰਧਕ ਕਮੇਟੀ ਵਲੋਂ ਸੁੱਖਵਿੰਦਰ ਸਿੰਘ ਚਾਹਲ ਨੇ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਆਉਣ ਵਾਲੇ ਸਮਾਗਮਾਂ ਦੀ ਜਾਣਕਾਰੀ ਦਿਤੀ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ਗੁਰੂ ਕਾ ਲੰਗਰ ਅਟੁੱਟ ਵਰਤਿਆ।

# ਭਾਰਤ ਦੇ ਲੋਕਾਂ ਤੇ ਲੀਡਰਾਂ ਨੂੰ ਕੌਣ ਦੱਸੇਗਾ ਕਿ ਭਲਕ ਸੰਵਾਰਨ ਲਈ ਅੱਜ ਵਿੱਚ ਜੀਣਾ ਸਿੱਖਣਾ ਚਾਹੀਦੈ!





ਜਤਿੰਦਰ ਪੰਨੂ

ਭਾਰਤ ਦੀਆਂ ਜਿਹੜੀਆਂ ਵਿਧਾਨ ਸਭਾਵਾਂ ਦੀ ਮਿਆਦ ਇਸ ਸਾਲ ਪੁੱਗਣ ਵਾਲੀ ਹੈ, ਉਨ੍ਹਾਂ ਵਿੱਚੋਂ ਦੋ ਰਾਜਾਂ ਦੀਆਂ ਚੋਣਾਂ ਸਾਲ ਦੇ ਅੰਤ ਤੱਕ ਹੋ ਜਾਣੀਆਂ ਹਨ। ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਾਲੇ ਇਨ੍ਹਾਂ ਦੋਵਾਂ ਰਾਜਾਂ ਦੇ ਲੋਕਾਂ ਨੇ ਪਿਛਲੀ ਵਾਰੀ ਸਾਲ 2017 ਵਿੱਚ ਅੱਗੜ-ਪਿੱਛੜ ਦਸੰਬਰ ਵਿੱਚ ਵੋਟਾਂ ਪਾਈਆਂ ਤੇ ਦੋਵਾਂ ਰਾਜਾਂ ਦਾ ਨਤੀਜਾ ਅਠਾਰਾਂ ਦਸੰਬਰ ਨੂੰ ਨਿਕਲਿਆ ਸੀ।ਲੱਗਦਾ ਹੈ ਕਿ ਇਸ ਵਾਰ ਵੀ ਇਨ੍ਹਾਂ ਦੋ ਰਾਜਾਂ ਵਿੱਚ ਦਸੰਬਰ ਚੜ੍ਹਨ ਤੱਕ ਵੋਟਾਂ ਪੈਣ ਵਾਲਾ ਅਮਲ ਪੂਰਾ ਹੋ ਜਾਵੇਗਾ ਅਤੇ ਨਤੀਜਾ ਅੱਧ ਦਸੰਬਰ ਦੇ ਅੱਗੇ-ਪਿੱਛੇ ਹੀ ਆਵੇਗਾ। ਚੋਣ ਕਮਿਸ਼ਨ ਕੋਲ ਇਹ ਅਧਿਕਾਰ ਹੁੰਦਾ ਹੈ ਕਿ ਕਿਸੇ ਵਿਧਾਨ ਸਭਾ ਦੀ ਮਿਆਦ ਕੁਝ ਹਫਤੇ ਰਹਿੰਦੀ ਵੀ ਹੋਵੇ ਤਾਂ ਕੁਝ ਦਿਨ ਅਗੇਤੀ ਚੋਣ ਲਈ ਪ੍ਰੋਗਰਾਮ ਐਲਾਨ ਕਰ ਸਕਦਾ ਹੈ, ਤਾਂ ਕਿ ਕਿਸੇ ਰਾਜ ਦੇ ਚੋਣ ਨਤੀਜੇ ਦਾ ਅਸਰ ਇਸ ਜਾਂ ਉਸ ਦੂਸਰੇ ਰਾਜ ਦੇ ਲੋਕਾਂ ਉੱਤੇ ਪੈਣ ਦਾ ਸੰਸਾ ਨਾ ਰਹੇ। ਚੋਣ ਤਰੀਕਾਂ ਅਮਰੀਕਾ ਦੀ ਰਾਸ਼ਟਰਪਤੀ ਚੋਣ ਵਾਂਗ ਪੱਕੀਆਂ ਨਹੀਂ ਹੁੰਦੀਆਂ। ਪੰਜਾਬ ਵਿੱਚ ਪਿਛਲੇ ਫਰਵਰੀ ਵਿੱਚ ਜਦੋਂ ਵੋਟਾਂ ਪੈਣ ਦੀ ਤਰੀਕ ਮਿਥੀ ਸੀ ਤਾਂ ਇੱਕ ਭਾਈਚਾਰੇ ਦੇ ਧਾਰਮਿਕ ਸਮਾਗਮਾਂ ਦੀਆਂ ਤਰੀਕਾਂ ਨਾਲ ਜੁੜ ਜਾਣ ਕਰ ਕੇ ਵੋਟਾਂ ਪਾਉਣ ਦੀ ਤਰੀਕ ਚਾਰ ਦਿਨ ਬਾਅਦ ਵੀਹ ਫਰਵਰੀ ਕਰਨੀ ਪਈ ਸੀ। ਕਿਸੇ ਵੀ ਰਾਜ ਦੇ ਲੋਕਾਂ ਦੀ ਇਹੋ ਜਿਹੇ ਸਮਾਗਮਾਂ ਦੀ ਸ਼ਰਧਾ ਕਾਰਨ ਚੋਣ ਕਮਿਸ਼ਨ ਏਦਾਂ ਦਾ ਫੈਸਲਾ ਲੈ ਸਕਦਾ ਹੈ, ਪਰ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿੱਚ ਏਦਾਂ ਦੀ ਕੋਈ ਮਜਬੂਰੀ ਵੀ ਬਣ ਗਈ ਤਾਂ ਚੋਣਾਂ ਦਾ ਅਮਲ ਅੱਧ ਦਸੰਬਰ ਤੱਕ ਮੁਕੰਮਲ ਹੋ ਜਾਵੇਗਾ।

ਬੀਤੇ ਫਰਵਰੀ ਵਿੱਚ ਪੰਜ ਰਾਜਾਂ ਦੀਆਂ ਚੋਣਾਂ ਮੌਕੇ ਭਾਜਪਾ ਆਪਣੇ ਗੋਆ, ਉੱਤਰਾ ਖੰਡ ਅਤੇ ਉੱਤਰ ਪ੍ਰਦੇਸ਼ ਦੇ ਸਿਆਸੀ ਕਿਲ੍ਹੇ ਬਚਾਉਣ ਵਿੱਚ ਕਾਮਯਾਬ ਰਹੀ ਸੀ, ਪਰ ਕਾਂਗਰਸ ਪਾਰਟੀ ਅੱਗੇ ਵਧਣ ਦੀ ਥਾਂ ਪੰਜਾਬ ਦਾ ਪਿਛਲੇ ਪੰਜ ਸਾਲਾਂ ਤੋਂ ਚੱਲਦਾ ਰਾਜ ਵੀ ਗੁਆ ਬੈਠੀ ਸੀ। ਉਨ੍ਹਾਂ ਚੋਣਾਂ ਵਿੱਚ ਖਾਸ ਘਟਨਾ ਇਹ ਰਹੀ ਕਿ ਪੰਜਾਬ ਵਿੱਚ ਪਹਿਲੀ ਵਾਰੀ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਇਸ ਨਾਲ ਉਹ ਪਾਰਟੀ ਦਿੱਲੀ ਤੋਂ ਬਾਅਦ ਦੋ ਰਾਜਾਂ ਵਿੱਚ ਆਪਣੇ ਸਿਰ ਬਹੁ-ਗਿਣਤੀ ਨਾਲ ਸਰਕਾਰਾਂ ਚਲਾਉਣ ਵਾਲੀ ਪਾਰਟੀ ਦਾ ਦਰਜਾ ਹਾਸਲ ਕਰ ਗਈ ਸੀ। ਉਸ ਨਤੀਜੇ ਦਾ ਅਸਰ ਕਈ ਤਰ੍ਹਾਂ ਵੇਖਿਆ ਜਾਂਦਾ ਰਿਹਾ ਤੇ ਦੋਵੇਂ ਪਾਰਟੀਆਂ ਭਾਜਪਾ ਅਤੇ ਆਮ ਆਦਮੀ ਪਾਰਟੀ ਉਸ ਨਤੀਜੇ ਨਾਲ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਵਾਲੇ ਦੋਵਾਂ ਰਾਜਾਂ ਵਿੱਚ ਅਗਲੇ ਚੋਣ-ਭੇੜ ਵਾਸਤੇ ਤਿਆਰ ਹੋਈਆਂ ਫਿਰਦੀਆਂ ਹਨ। ਆਜ਼ਾਦੀ ਮਿਲਣ ਦੇ ਬਾਅਦ ਜਿਹੜੀ ਕਾਂਗਰਸ ਪਾਰਟੀ ਲੰਮਾ ਸਮਾਂ ਦੇਸ਼ ਉੱਤੇ ਵੀ ਅਤੇ ਬਹੁ-ਗਿਣਤੀ ਰਾਜਾਂ ਵਿੱਚ ਵੀ ਰਾਜ ਕਰਦੀ ਰਹੀ ਸੀ, ਉਹ ਇਸ ਵਕਤ ਅਸਲੋਂ ਸਾਹ-ਸਤ ਛੱਡੀ ਬੈਠੀ ਜਾਪਦੀ ਹੈ ਅਤੇ ਭਾਜਪਾ ਇਨ੍ਹਾਂ ਦੋ ਰਾਜਾਂ ਵਿੱਚ ਅਗਲੇ ਚੋਣ ਘੋਲ ਮੌਕੇ ਆਮ ਆਦਮੀ ਪਾਰਟੀ ਨਾਲ ਟੱਕਰ ਦੇ ਸੰਕੇਤ ਵੇਖ ਰਹੀ ਹੈ। ਆਮ ਆਦਮੀ ਪਾਰਟੀ ਕੁਝ ਬਾਹਲੇ ਵੱਡੇ ਸੁਫਨੇ ਲੈਣ ਲੱਗੀ ਹੈ ਅਤੇ ਇਸ ਦੇ ਬਹੁਤ ਸਾਰੇ ਆਗੂ ਤਾਂ ਆਪਣੇ ਲੀਡਰ ਅਰਵਿੰਦ ਕੇਜਰੀਵਾਲ ਨੂੰ ਅਗਲੀਆਂ ਪਾਰਲੀਮੈਂਟ ਚੋਣਾਂ ਮੌਕੇ ਨਰਿੰਦਰ ਮੋਦੀ ਦੇ ਮੂਹਰੇ ਪ੍ਰਧਾਨ ਮੰਤਰੀ ਅਹੁਦੇ ਦਾ ਉਮੀਦਵਾਰ ਬਣਾ ਕੇ ਵੀ ਪੇਸ਼ ਕਰਨ ਲੱਗੇ ਹਨ।

ਏਥੇ ਆਣ ਕੇ ਸਥਿਤੀ ਵਿੱਚ ਵੱਡੀ ਤਬਦੀਲੀ ਆ ਜਾਂਦੀ ਹੈ। ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਦਵੀ ਦਾ ਸੁਫਨਾ ਲੈਣ ਵਾਲਿਆਂ ਦੀ ਲਾਈਨ ਬਹੁਤ ਵੱਡੀ ਹੈ। ਇੱਕ ਵਾਰੀ ਲੋਕ ਸਭਾ ਵਿੱਚ ਇਹ ਦੂਸ਼ਣਬਾਜ਼ੀ ਹੋਈ ਕਿ ਫਲਾਣੇ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸੁਫਨੇ ਆਉਂਦੇ ਹਨ। ਫਿਰ ਕਈ ਲੋਕਾਂ ਉੱਤੇ ਇਹੋ ਦੋਸ਼ ਲੱਗਣ ਲੱਗ ਪਿਆ ਅਤੇ ਹਰ ਕੋਈ ਇਹੋ ਕਹੀ ਜਾਵੇ ਕਿ ਮੈਨੂੰ ਏਦਾਂ ਦੀ ਕਿਸੇ ਕੁਰਸੀ ਦਾ ਲਾਲਚ ਨਹੀਂ। ਲਾਲੂ ਪ੍ਰਸਾਦ ਉੱਠਿਆ ਅਤੇ ਕਹਿਣ ਲੱਗਾ ਕਿ ਇਹ ਸਭ ਲੋਕ ਝੂਠ ਬੋਲਦੇ ਹਨ, ਕਿਸ ਨੂੰ ਇਸ ਵੱਡੀ ਕੁਰਸੀ ਦਾ ਸੁਫਨਾ ਨਹੀਂ ਆਉਂਦਾ, ਮੈਨੂੰ ਤਾਂ ਰੋਜ਼ ਰਾਤ ਨੂੰ ਸੁਫਨਾ ਆਉਂਦਾ ਹੈ ਕਿ ਮੈਨੂੰ ਪ੍ਰਧਾਨ ਮੰਤਰੀ ਬਣਨਾ ਚਾਹੀਦਾ ਹੈ। ਉਸ ਦੀ ਗੱਲ ਸੱਚੀ ਸੀ। ਭਾਰਤ ਵਿੱਚ ਇਹ ਪਦਵੀ 'ਇੱਕ ਅਨਾਰ ਅਤੇ ਸੌ ਬਿਮਾਰ' ਦੇ ਮੁਹਾਵਰੇ ਵਰਗੀ ਹੈ, ਕਈਆਂ ਨੂੰ ਇਸ ਦਾ ਸੁਫਨਾ ਆਉਂਦਾ ਹੈ ਤੇ ਏਦਾਂ ਦੇ ਲੋਕਾਂ ਵਿੱਚ ਨਿਤੀਸ਼ ਕੁਮਾਰ ਦਾ ਨਾਂਅ ਵੀ ਹੈ ਤਾਂ ਕੋਈ ਹੈਰਾਨੀ ਦੀ ਗੱਲ ਨਹੀਂ। ਅੱਧੀ ਸਦੀ ਸਿਆਸੀ ਮੈਦਾਨ ਵਿੱਚ ਰਹਿ ਚੁੱਕਾ ਆਗੂ ਏਦਾਂ ਦਾ ਸੁਫਨਾ ਲੈਂਦਾ ਹੈ ਤਾਂ ਗਲਤ ਨਹੀਂ ਕਰਦਾ, ਪਰ ਸਵਾਲ ਸੁਫਨੇ ਦਾ ਨਹੀਂ, ਸੁਫਨੇ ਲਈ ਸਾਥ ਦੇਣ ਵਾਲੀ ਫੌਜ ਦਾ ਹੈ। ਬਿਹਾਰ ਦਾ ਮੁੱਖ ਮੰਤਰੀ ਕਈ ਵਾਰੀ ਰਾਜਸੀ ਪਲਟੀਆਂ ਮਾਰ ਕੇ ਅੱਜ ਅੱਠਵੀ ਵਾਰੀ ਓਸੇ ਅਹੁਦੇ ਦੀ ਸਹੁੰ ਚੁੱਕਣ ਦੇ ਬਾਅਦ ਇੱਕ ਹੋਰ ਰਿਕਾਰਡ ਬਣਾ ਚੁੱਕਾ ਹੈ ਕਿ ਉਸ ਦੀਆਂ ਏਨੀਆਂ ਵਾਰੀਆਂ ਦੀ ਔਸਤ ਇੱਕ ਸਾਲ ਤੋਂ ਮਸਾਂ ਢਾਈ ਮਹੀਨੇ ਉੱਪਰ ਦੀ ਬਣਦੀ ਹੈ, ਜਦ ਕਿ ਮੁੱਖ ਮੰਤਰੀ ਪੰਜ ਸਾਲ ਰਹਿਣਾ ਚਾਹੀਦਾ ਹੈ। ਇਸ ਦੇ ਬਾਵਜੂਦ ਉਸ ਨਾਲ ਜੁੜੀਆਂ ਪਾਰਟੀਆਂ ਦੇ ਗੱਠਜੋੜ ਨੇ ਉਸ ਨੂੰ ਅਗਲੀ ਵਾਰੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਮੁਕਾਬਲੇ ਦਾ ਉਮੀਦਵਾਰ ਬਣਾ ਕੇ ਪੇਸ਼ ਕਰਨ ਵਿੱਚ ਦੇਰ ਨਹੀਂ ਲਾਈ। ਉਨ੍ਹਾਂ ਨੂੰ ਨਿਤੀਸ਼ ਕੁਮਾਰ ਨਾਲ ਮਤਲਬ ਨਹੀਂ, ਇੱਕ ਉਮੀਦਵਾਰ ਚਾਹੀਦਾ ਹੈ।

ਨਿਤੀਸ਼ ਕੁਮਾਰ ਤੋਂ ਪਹਿਲਾਂ ਕਿਸੇ ਸਮੇਂ ਮਮਤਾ ਬੈਨਰਜੀ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਉਮੀਦਵਾਰ ਬਣਾਉਣ ਦੇ ਚਰਚੇ ਹੁੰਦੇ ਸਨ, ਕਿਸੇ ਸਮੇਂ ਸ਼ਰਦ ਪਵਾਰ ਦੀ ਚਰਚਾ ਵੀ ਹੁੰਦੀ ਸੀ ਤੇ ਉਸ ਤੋਂ ਪਹਿਲਾਂ ਮੁਲਾਇਮ ਸਿੰਘ ਯਾਦਵ ਦੇ ਨਾਂਅ ਦੀ ਚਰਚਾ ਵੀ ਹੋ ਚੁੱਕੀ ਸੀ। ਇਹ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਜਿਸ ਦੇ ਨਾਂਅ ਦੀ ਚਰਚਾ ਹੁੰਦੀ ਹੋਵੇ, ਸਮਾਂ ਆਏ ਤੋਂ ਪ੍ਰਧਾਨ ਮੰਤਰੀ ਵੀ ਉਹ ਹੀ ਬਣੇ, ਕਈ ਵਾਰੀ ਕਿਸੇ ਹੋਰ ਨਾਂਅ ਦੀ ਚਰਚਾ ਹੋਈ ਤੇ ਪ੍ਰਧਾਨ ਮੰਤਰੀਕੋਈ ਹੋਰ ਬਣਦਾ ਵੀ ਵੇਖਿਆ ਗਿਆ ਹੈ। ਨਰਸਿਮਹਾ ਰਾਓ ਦੇ ਬਾਅਦ ਬਹੁਤੀਆਂ ਸੀਟਾਂ ਭਾਜਪਾ ਦੀਆਂ ਆਈਆਂ, ਪਰ ਬਹੁਤੀਆਂ ਹੋ ਕੇ ਵੀ ਉਨ੍ਹਾਂ ਦੇ ਗੱਠਜੋੜ ਸਮੇਤ ਬਹੁ-ਸੰਮਤੀ ਨਹੀਂ ਸੀ ਬਣਦੀ। ਉਨ੍ਹਾਂ ਦੇ ਆਗੂ ਅਟਲ ਬਿਹਾਰੀ ਵਾਜਪਾਈ ਨੇ ਅਹੁਦਾ ਸੰਭਾਲ ਲਿਆ, ਪਰ ਤੇਰਾਂ ਦਿਨਾਂ ਪਿੱਛੋਂ ਅਸਤੀਫਾ ਦੇਣਾ ਪਿਆ। ਉਸ ਦੀ ਥਾਂ ਕਰਨਾਟਕ ਦੇ ਮੁੱਖ ਮੰਤਰੀ ਹਰਦਨਹੱਲੀ ਡੋਡੇਗੌੜਾ ਦੇਵੇਗੌੜਾ ਨੂੰ ਇਹ ਕੁਰਸੀ ਮਿਲ ਗਈ ਸੀ, ਜਿਸ ਦੇ ਨਾਂਅ ਦੀ ਕਦੀ ਚਰਚਾ ਤੱਕ ਨਹੀਂ ਸੀ ਚੱਲੀ। ਕਾਰਨ ਇਹ ਸੀ ਕਿ ਓਦੋਂ ਕਾਂਗਰਸ ਦੀ ਹਮਾਇਤ ਨਾਲ ਰਾਜ ਕਰਨ ਲਈ ਤਿਆਰ ਹੋਏ ਗੱਠਜੋੜ ਅੱਗੇ ਲੱਗਣ ਵਾਲੀ ਪਾਰਟੀ ਜਨਤਾ ਦਲ ਦੇ ਲੋਕ ਸਭਾ ਮੈਂਬਰਾਂ ਵਿੱਚ ਸਭ ਤੋਂ ਵੱਧ ਗਿਣਤੀਕਰਨਾਟਕ ਤੋਂ ਆਈ ਸੀ।ਕਾਂਗਰਸ ਨੇ ਜਦੋਂ ਉਸ ਦੀ ਹਮਾਇਤ ਅਗਲੇ ਸਾਲ ਵਾਪਸ ਲੈ ਲਈ ਅਤੇ ਪ੍ਰਧਾਨ ਮੰਤਰੀ ਬਦਲਣ ਨੂੰ ਕਹਿ ਦਿੱਤਾ ਤਾਂ ਗੱਠਜੋੜ ਦੀ ਸਹਿਮਤੀ ਉਸ ਵਕਤ ਮੁਲਾਇਮ ਸਿੰਘ ਯਾਦਵ ਦੇ ਪੱਖ ਵਿੱਚ ਬਣਦੀ ਸੀ, ਪਰ ਕਾਂਗਰਸ ਨਹੀਂ ਸੀ ਮੰਨੀ। ਗੱਠਜੋੜ ਦੀ ਮੀਟਿੰਗ ਕਰਦੇ ਸੀਨੀਅਰ ਲੀਡਰਾਂ ਵਿੱਚ ਇੰਦਰ ਕੁਮਾਰ ਗੁਜਰਾਲ ਮੌਜੂਦ ਨਹੀਂ ਸੀ, ਕਿਉਂਕਿ ਉਹ ਇਸ ਅਹੁਦੇ ਵਾਸਤੇ ਕਿਸੇ ਚਰਚਾ ਵਿੱਚ ਹੀ ਨਹੀਂ ਸੀ, ਪਰ ਸਹਿਮਤੀ ਉਸ ਦੇ ਨਾਂਅ ਉੱਤੇ ਬਣ ਗਈ ਤੇ ਘਰੋਂ ਸੱਦ ਕੇ ਉਸ ਨੂੰ ਰਾਜ ਗੱਦੀ ਸੌਂਪ ਦਿੱਤੀ ਗਈ ਸੀ।

ਦੇਵਗੌੜਾ ਅਤੇ ਗੁਜਰਾਲ ਦੀ ਅਗਵਾਈ ਵਾਲੀਆਂ ਸਰਕਾਰਾਂ ਦਾ ਤਜਰਬਾ ਫੇਲ੍ਹ ਹੋਣ ਮਗਰੋਂ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਨੇ ਛੇ ਸਾਲ ਰਾਜ ਕਰ ਲਿਆ ਤਾਂ ਅਗਲੀ ਵਾਰੀ ਕਾਂਗਰਸ ਦੀ ਅਗਵਾਈ ਵਾਲਾ ਗੱਠਜੋੜ ਜਿੱਤ ਗਿਆ ਤੇ ਜੇਤੂ ਗੱਠਜੋੜ ਦੀ ਲੀਡਰ ਵਜੋਂ ਸੋਨੀਆ ਗਾਂਧੀ ਦੇ ਨਾਂਅ ਉੱਤੇ ਸਹਿਮਤੀ ਹੋਈ, ਪਰ ਉਹ ਬਣ ਨਹੀਂ ਸਕੀ। ਜਿਹੜੇ ਡਾਕਟਰ ਮਨਮੋਹਨ ਸਿੰਘ ਨੂੰ ਕਦੇ ਕਿਸੇ ਨੇ ਆਗੂ ਨਹੀਂ ਮੰਨਿਆ ਤੇ ਪ੍ਰਧਾਨ ਮੰਤਰੀ ਬਣਨ ਮਗਰੋਂ ਵੀ ਉਹ ਆਗੂ ਨਹੀਂ ਬਣ ਸਕਿਆ, ਉਸ ਨੂੰ ਪ੍ਰਧਾਨ ਮੰਤਰੀ ਦਾ ਅਹੁਦਾ ਮਿਲ ਗਿਆ ਸੀ। ਉਸ ਨੇ ਇਹ ਸੋਚਿਆ ਵੀ ਨਹੀਂ ਸੀ। ਪਿਛਲੇ ਇਨ੍ਹਾਂ ਅਣਗੌਲੇ ਚਿਹਰਿਆਂ ਦੇ ਪ੍ਰਧਾਨ ਮੰਤਰੀ ਬਣ ਜਾਣ ਵਾਂਗ ਕਦੇ ਅਗਲੀ ਕਿਸੇ ਵਾਰੀ ਇਹੋ ਜਿਹੀ ਸਥਿਤੀ ਬਣੀ ਤਾਂ ਜ਼ਰੂਰੀ ਨਹੀਂ ਕਿ ਕਿਸੇ ਨਿਤੀਸ਼ ਕੁਮਾਰ, ਕਿਸੇ ਮਮਤਾ ਬੈਨਰਜੀ, ਕਿਸੇ ਅਰਵਿੰਦ ਕੇਜਰੀਵਾਲ ਦੇ ਨਾਂਅ ਦੁਆਲੇ ਸਹਿਮਤੀ ਬਣੇ, ਓਦੋਂ ਵੀ ਕੋਈਅਣਗੌਲਿਆ ਚਿਹਰਾ ਅਚਾਨਕ ਬਾਕੀ ਸਾਰਿਆਂ ਦਾ ਰਸਤਾ ਕੱਟ ਸਕਦਾ ਹੈ।

ਕਹਿੰਦੇ ਹਨ ਕਿ ਸੂਫੀ ਸੰਤ ਮੁਹੰਮਦ ਨਿਜ਼ਾਮੁਦੀਨ ਔਲੀਆ ਨੇ ਇੱਕ ਵਾਰ 'ਦਿੱਲੀ ਦੂਰ ਅਸਤ' ਕਿਹਾ ਸੀ, ਜਿਸ ਦਾ ਭਾਵ ਸੀ ਕਿ ਦਿੱਲੀ ਅਜੇ ਚੋਖੀ ਦੂਰ ਹੈ। ਉਨ੍ਹਾਂ ਨੇ ਇਹ ਗੱਲ ਕਿਉਂ ਕਹੀ ਸੀ, ਇਸ ਬਾਰੇ ਕਈ ਮੱਤ ਹਨ, ਪਰ ਇਸ ਵਕਤ ਭਾਰਤ ਦੀ ਰਾਜਨੀਤੀ ਵਿੱਚ ਜਿਹੜੇ ਆਗੂ ਪ੍ਰਧਾਨ ਮੰਤਰੀ ਦੀ ਕੁਰਸੀ ਦੇ ਸੁਫਨੇ ਲੈਂਦੇ ਫਿਰਦੇ ਹਨ, ਉਹ ਨਿਤੀਸ਼ ਕੁਮਾਰ ਹੋਵੇ ਜਾਂ ਮਮਤਾ ਬੈਨਰਜੀ ਜਾਂ ਅਰਵਿੰਦ ਕੇਜਰੀਵਾਲ, ਇਨ੍ਹਾਂ ਸਾਰਿਆਂ ਨੂੰ 'ਦਿੱਲੀ ਦੂਰ ਅਸਤ' ਦਾ ਅਰਥ ਸਮਝ ਲੈਣਾ ਚਾਹੀਦਾ ਹੈ। ਜਦੋਂ ਇਹੋ ਪਤਾ ਨਹੀਂ ਕਿ ਅਗਲੇ ਮਹੀਨੇ ਤੱਕ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਨੇ ਦਿੱਲੀ ਦੀ ਸਰਕਾਰ ਨੂੰ ਢਾਹ ਲਾਉਣ ਲਈ ਕੀ ਕੁਝ ਕਰ ਗੁਜ਼ਰਨਾ ਹੈ ਅਤੇ ਬਿਹਾਰ ਦੀ ਸਰਕਾਰ ਵੀ ਚੱਲਣ ਦੇਣੀ ਹੈ ਕਿ ਨਹੀਂ, ਉਸ ਵਕਤ ਏਦਾਂ ਦੇ ਸੁਫਨੇ ਲੈਣ ਦਾ ਕੋਈ ਅਰਥ ਨਹੀਂ ਰਹਿੰਦਾ। ਸ਼ਹਿਰ ਦੇ ਬਾਹਰ ਨਿਕਲ ਕੇ ਸੂਆ ਲੰਘਣਾ ਹੋਵੇ ਤਾਂ ਆਪਣੇ ਘਰੋਂ ਪਜਾਮਾ ਲਾਹ ਕੇ ਮੋਢੇ ਉੱਤੇ ਸੁੱਟਣ ਜਾਂ ਜੁੱਤੀ ਲਾਹ ਕੇ ਹੱਥ ਵਿੱਚ ਫੜਨ ਦੀ ਕੋਈ ਲੋੜ ਨਹੀਂ ਹੁੰਦੀ, ਇਸ ਦੀ ਥਾਂ ਸਾਰੀ ਸ਼ਕਤੀ ਬਚਾ ਕੇ ਅਤੇ ਹੋ ਸਕੇ ਤਾਂ ਹੋਰ ਵਧਾ ਕੇ ਓਥੋਂ ਤੱਕ ਜਾਣ ਬਾਰੇ ਸੋਚਣਾ ਚਾਹੀਦਾ ਹੈ। ਜਿਨ੍ਹਾਂ ਦੀ ਅੱਖ ਏਨੀ ਅਗੇਤੀ ਉਸ ਵੱਡੀ ਕੁਰਸੀ ਵੱਲ ਲੱਗ ਜਾਵੇਗੀ, ਉਹ ਉਸ ਦੇ ਲਈ ਉਲੰਪਿਕ ਦੇ ਖਿਡਾਰੀਆਂ ਵਾਂਗ ਤਿਆਰੀ ਕਰਨ ਦੀ ਥਾਂ ਉਸ ਵਕਤ ਦੇ ਮਹੂਰਤ ਲਈ ਸਿਆਸੀ ਪਾਂਧਿਆਂ ਅੱਗੇ ਹੱਥ ਫੈਲਾਉਂਦੇ ਤੇ ਆਪਣਾ ਰਾਸ਼ੀ ਫ਼ਲ ਜਾਣਨ ਦੀ ਤਾਂਘ ਵਿੱਚ ਫਾਵੇ ਹੋਏ ਅੱਜ ਕਰਨ ਵਾਲੇ ਕੰਮ ਵੀ ਭੁਲਾ ਬੈਠਣਗੇ। ਮੁਸ਼ਕਲ ਇਹ ਹੈ ਕਿ ਭਾਰਤ ਦੇ ਲੀਡਰਅੱਜ ਵਿੱਚ ਜਿਊਣ ਦੀ ਥਾਂ ਭਲਕ ਵਿੱਚ ਜਿਊਣ ਦੇ ਸੁਫਨੇ ਨਾਲ ਫਾਵੇ ਹੋਏ ਪਏ ਹਨ ਤਾਂ ਇਸ ਦੇਸ਼ ਦੀ ਆਮ ਜਨਤਾ ਨੂੰ ਇਹ ਕੌਣ ਦੱਸੇਗਾ ਕਿ ਭਲਕ ਸੰਵਾਰਨਾ ਹੋਵੇ ਤਾਂ ਅੱਜ ਵਿੱਚ ਜਿਊਣ ਦੀ ਕੋਸ਼ਿਸ਼ ਕਰਨੀ ਪਹਿਲਾਂ ਸਿੱਖਣੀ ਪੈਂਦੀ ਹੈ!

# ਬਾਬਾ ਨੰਦ ਸਿੰਘ ਜੀ ਨੂੰ ਯਾਦ ਕਰਦਿਆ



ਸੁਰਜੀਤ ਸਿੰਘ ਫਲੋਰਾ

ਨਾਨਕਸਰ ਦੇ ਬਾਨੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਦੀ 79ਵੀਂ ਬਰਸੀ 29 ਅਗਸਤ ਨੂੰ ਆ ਰਹੀ ਹੈ ਅਤੇ ਦੁਨੀਆ ਭਰ ਦੇ ਨਾਨਕਸਰ ਗੁਰਦੁਆਰਿਆਂ ਵਿੱਚ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ।

ਬਚਪਨ ਦੇ ਦਿਨਾਂ ਤੋਂ ਹੀ, ਉਹਨਾਂ ਨੂੰ ਰੱਬ ਦੀ ਭਗਤੀ ਦੀ ਇੱਛਾ ਸੀ। ਉਹਨਾਂ ਦਾ ਸੁਭਾਅ ਇੱਕ ਸੰਨਿਆਸੀ, "ਯੋਗੀ" ਵਰਗਾ ਸੀ ਪਰ ਉਹਨਾਂ ਦੇ ਚਿਹਰੇ 'ਤੇ ਇੱਕ ਰੂਹਾਨੀ ਚਮਕ ਸੀ। ਉਹਨਾਂ ਦੇ ਚਿਹਰੇ 'ਤੇ ਚਮਕ ਦੇਖ ਕੇ, ਕੋਈ ਵੀ ਅਨੁਮਾਨ ਕਰ ਸਕਦਾ ਸੀ ਕਿ ਉਹ ਇੱਕ ਮਹਾਨ ਆਤਮਾ ਹੈ ਜੋ ਪਰਮਾਤਮਾ ਦੁਆਰਾ ਇਸ ਸੰਸਾਰ ਵਿੱਚ ਪਰਮ ਸੱਚ ਦਾ ਸੰਦੇਸ਼ ਦੇਣ ਲਈ ਭੇਜੀ ਗਈ ਸੀ। ਪੰਜ ਸਾਲ ਦੀ ਉਮਰ ਵਿੱਚ, ਉਹ ਅਕਸਰ ਅੱਧੀ ਰਾਤ ਨੂੰ ਜਾਗ ਕੇ ਨਾਮ -ਸਿਮਰਨ ਜਪਣ ਲਈ ਬਾਹਰ ਚਲੇ ਜਾਂਦੇ ਸਨ। ਇਕ ਵਾਰ ਜਦੋਂ ਉਹਨਾਂ ਦੇ ਮਾਤਾ-ਪਿਤਾ ਉਹਨਾਂ ਨੂੰ ਆਪਣੇ ਬਿਸਤਰੇ 'ਤੇ ਨਾ ਦੇਖ ਕੇ ਚਿੰਤਤ ਹੋ ਗਏ ਅਤੇ ਉਹਨਾਂ ਨੂੰ ਲੱਭਣ ਲੱਗੇ। ਉਹ ਉਹਨਾਂ ਨੂੰ ਖੂਹ ਦੇ ਕਿਨਾਰੇ ਅੱਖਾਂ ਬੰਦ ਕਰਕੇ ਅਤੇ ਡੂੰਘੇ ਧਿਆਨ ਵਿੱਚ ਬੈਠੇ ਦੇਖ ਕੇ ਹੈਰਾਨ ਰਹਿ ਗਏ। ਇਸ ਤ੍ਰਹਾਂ ਅਚਨਚੇਤ ਭਗਤੀ ਵਿਚ ਲੀਨ ਸਨ ਕੇ ਕੋਈ ਵੀ ਮਾਮੂਲੀ ਜਿਹੀ ਹਿਲਜੁਲ ਨਾਲ ਉਹ ਖੂਹ ਵਿਚ ਡਿਗ ਸਕਦੇ ਸਨ। ਪਰ ਉਹਨਾਂ ਦੇ ਚਿਹਰੇ ਦੀ ਚਮਕ ਅਤੇ ਉਹਨਾਂ ਦਾ ਜਿਸ ਤਰ੍ਹਾਂ ਦੇ ਧਿਆਨ ਵਿਚ ਸੀ, ਉਸ ਨੂੰ ਦੇਖ ਕੇ ਮਾਪਿਆਂ ਦਾ ਡਰ ਦੂਰ ਹੋ ਗਿਆ। ਪੂਰੇ ਘਟਨਾਕ੍ਰਮ ਨੇ ਉਹਨਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹਨਾਂ ਦਾ ਬੱਚਾ ਇੱਕ ਮਹਾਨ ਆਤਮਾ ਸੀ ਜੋ ਇੱਕ ਦਿਨ ਇੱਕ ਮਹਾਨ ਸੰਤ ਬਣੇਗਾ ਅਤੇ ਜੋ ਸੰਸਾਰ ਨੂੰ ਅੰਤਮ ਸੱਚ ਦਾ ਰਸਤਾ ਦਿਖਾਏਗਾ।

ਨੇਕ ਰੂਹਾਂ ਨੂੰ ਵਿਸ਼ੇਸ਼ ਮਿਸ਼ਨਾਂ ਨੂੰ ਪ੍ਰਾਪਤ ਕਰਨ ਲਈ ਇਸ ਕਲਯੁਗੀ ਸੰਸਾਰ ਵਿੱਚ ਭੇਜਿਆ ਜਾਂਦਾ ਹੈ। ਉਨ੍ਹਾਂ ਨੂੰ ਸਮੱਸਿਆਵਾਂ ਅਤੇ ਮੁਸ਼ਕਲਾਂ ਨਾਲ ਨਜਿੱਠਣ ਲਈ ਕੁਦਰਤੀ ਸ਼ਕਤੀਆਂ ਸੌਂਪੀਆਂ ਜਾਂਦੀਆਂ ਹਨ। ਉਹ ਸਾਡੇ ਮਾਹੌਲ ਵਿੱਚ ਵੱਡੇ ਹੁੰਦੇ ਹਨ ਅਤੇ ਆਮ ਲੋਕਾਂ ਵਾਂਗ ਅਭਿਆਸ ਕਰਦੇ ਹਨ। ਹਾਲਾਂਕਿ, ਅਧਿਆਤਮਿਕ ਸ਼ਖਸੀਅਤਾਂ ਹੋਣ ਕਰਕੇ, ਉਹ ਪਦਾਰਥਵਾਦੀ ਇੱਛਾਵਾਂ ਦੇ ਘੇਰੇ ਤੋਂ ਬਾਹਰ ਹੁੰਦੀਆਂ ਹਨ ਅਤੇ ਇਸ ਤਰ੍ਹਾਂ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੇ ਹਨ। ਇਹ ਕੇਵਲ ਉਹਨਾਂ ਲੋਕਾਂ ਲਈ ਹੈ ਜਿਹਨਾਂ ਨੂੰ ਬਖਸ਼ਿਸ਼ ਹੋਈ ਹੁੰਦੀ ਹੈ ਅਤੇ ਸੱਚ ਦੀ ਖੋਜ ਵਿੱਚ ਉਹਨਾਂ ਨੂੰ ਮੰਨਣ ਜਾਂ ਸਮਝਣ ਦੀ ਸੂਝ ਹੈ। ਇਸ ਤਰ੍ਹਾਂ, 'ਬ੍ਰਹਮ' ਸ਼ਖਸੀਅਤ ਨੂੰ ਸਮਝਣ, ਵਰਣਨ ਕਰਨ ਜਾਂ ਵਿਆਖਿਆ ਕਰਨ ਲਈ ਛੇਵੀਂ ਇੰਦਰੀ ਦੇ ਅਨੁਭਵ ਦੀ ਲੋੜ ਹੁੰਦੀ ਹੈ। ਸੰਤ ਬਾਬਾ ਨੰਦ ਸਿੰਘ ਜੀ ਦਾ ਸਮੁੱਚਾ ਜੀਵਨ ਬਿਲਕੁਲ ਅਜਿਹਾ ਜੀਵਨ ਹੈ ਜਿਸ ਨੇ ਲੱਖਾਂ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਦੀਵੀ ਮਹਿਮਾ ਦੇ ਦਰਸ਼ਨਾਂ ਵਿੱਚ ਪੂਰਨ ਸ਼ਾਂਤੀ ਅਤੇ ਜੀਵਨ ਬਤੀਤ ਕਰਨ ਦਾ ਉਦੇਸ਼ ਪ੍ਰਦਾਨ ਕੀਤਾ।

ਬਾਬਾ ਨੰਦ ਸਿੰਘ ਜੀ ਦਾ ਜਨਮ 13 ਕੱਤਕ ਸੰਮਤ 1927 ਜਾਂ ਨਵੰਬਰ 1872 ਨੂੰ ਪੰਜਾਬ ਦੇ ਜਗਰਾਓਂ ਨੇੜੇ ਪਿੰਡ ਸ਼ੇਰਪੁਰਾ ਵਿਖੇ ਤੜਕੇ (ਤੜਕੇ 3 ਵਜੇ) ਹੋਇਆ। ਇਸਤਰੀ ਸੇਵਾਦਾਰਾਂ (ਡਾਇਸ) ਨੇ ਹਨੇਰੇ ਕਮਰੇ ਵਿੱਚ ਇੱਕ ਅਸਾਧਾਰਨ ਚਮਕ ਵੇਖੀ ਅਤੇ ਧੰਨ ਪਿਤਾ ਸ. ਜੈ ਸਿੰਘ ਜੀ ਨੂੰ ਵਧਾਈ ਦੇਣ ਲਈ ਬਾਹਰ ਆਈਆਂ। ਮਾਤਾ ਸਦਾ ਕੌਰ ਜੀ ਬਾਬਾ ਨੰਦ ਸਿੰਘ ਜੀ ਦੀ ਹੋਣਹਾਰ ਮਾਤਾ ਜੀ ਸਨ।

ਉਸ ਵੇਲੇ ਕੋਈ ਨਹੀਂ ਜਾਣਦਾ ਸੀ ਕਿ ਇਹ ਚਮਕ ਉਸ ਪਵਿੱਤਰ ਬਾਲਕ ਦੇ ਜਨਮ ਦੀ ਹੈ ਜੋ ਹਨੇਰੇ ਵਿੱਚ ਡੁੱਬੇ ਹਜ਼ਾਰਾਂ ਲੋਕਾਂ ਦੇ ਜੀਵਨ ਨੂੰ ਉਹਨਾਂ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਨੂੰ ਜੀਵਤ ਬ੍ਰਹਮਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੁਆਰਾ ਫੈਲਾ ਕੇ ਬਦਲਣ ਜਾ ਰਿਹਾ ਸੀ। ਸੰਤ ਬਾਬਾ ਨੰਦ ਸਿੰਘ ਜੀ ਦੇ ਰੂਪ ਵਿਚ ਇਹ ਪਵਿੱਤਰ ਬਾਲਕ ਚਾਨਣ ਮੁਨ-ਾਰਾ ਬਣ ਗਿਆ ਹੈ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿਚ ਲੱਖਾਂ ਲੋਕ ਉਹਨਾਂ ਦੀ ਮਹਿਮਾਂ ਗਾ ਰਹੇ ਹਨ।

ਕੇਵਲ ਪੰਜ ਸਾਲ ਦੀ ਉਮਰ ਵਿੱਚ ਬਾਬਾ ਜੀ ਅੱਧੀ ਰਾਤ ਨੂੰ ਪਿੰਡ ਦੇ ਬਾਹਰ ਇੱਕ ਖੂਹ ਵਿੱਚ ਇਸ਼ਨਾਨ ਕਰਦੇ ਸਨ ਅਤੇ ਫਿਰ ਨੀਂਦ ਨੂੰ ਕਾਬੂ ਕਰਨ ਲਈ ਖੂਹ ਦੇ ਕਿਨਾਰੇ ਬੈਠ ਕੇ ਸਿਮਰਨ ਵਿੱਚ ਚਲੇ ਜਾਂਦੇ ਸਨ। ਆਪਣੀ ਪਹਿਲੀ ਉਮਰ ਵਿਚ ਬਾਬਾ ਜੀ ਤਰਖਾਣ ਦਾ ਕੰਮ ਕਰਦੇ ਰਹੇ ਅਤੇ ਜਿਸ ਵਿਅਕਤੀ ਦੇ ਘਰ ਉਹ ਕੰਮ ਕਰਦੇ ਸਨ, ਉਸ ਨੂੰ ਕਹਿੰਦੇ ਸਨ ਕਿ ਮੈਂ ਕੁਝ ਘੰਟੇ ਦੇਰੀ ਨਾਲ ਆਵਾਂਗਾ ਅਤੇ ਕੋਈ ਵੀ ਉਨ੍ਹਾਂ ਨੂੰ ਕੰਮ ਵਿਚ ਪਰੇਸ਼ਾਨ ਨਾ ਕਰੇ। ਹਾਲਾਂਕਿ, ਬਾਬਾ ਜੀ ਹਮੇਸ਼ਾ ਸੋਚ ਤੋਂ ਵੱਧ ਕੰਮ ਕਰਦੇ ਸਨ ਅਤੇ ਹਮੇਸ਼ਾ ਵਾਧੂ ਉਪਜ ਦਿੰਦੇ ਸਨ। ਕੰਮ ਵਿਚ ਵੀ ਉਹ ਹਮੇਸ਼ਾ ਧਿਆਨ ਵਿਚ ਰਹਿੰਦਾ ਸਨ।

ਬਾਬਾ ਨੰਦ ਸਿੰਘ ਜੀ 20 ਸਾਲ ਦੀ ਉਮਰ ਵਿੱਚ ਆਪਣਾ ਪਿੰਡ ਛੱਡ ਕੇ ਹਜ਼ੂਰ ਸਾਹਿਬ ਜਾਣ ਤੋਂ ਪਹਿਲਾਂ ਅੰਮ੍ਰਿਤਸਰ ਅਤੇ ਰੁੜਕੀ ਚਲੇ ਗਏ। ਬਾਬਾ ਜੀ ਨੇ ਅੰਗੀਠਾ ਸਾਹਿਬ ਦੇ ਇਸ਼ਨਾਨ ਲਈ ਸਵੇਰੇ ਤੜਕੇ ਪਵਿੱਤਰ ਗੋਦਾਵਰੀ ਨਦੀ ਤੋਂ ਹਜ਼ੂਰ ਸਾਹਿਬ ਵਿਖੇ ਜਲ ਲਿਆਉਣ ਦੀ



ਨਿਰਸਵਾਰਥ ਸੇਵਾ ਕੀਤੀਂ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਅਤੇ ਗੁਰਬਾਣੀ ਦੀ ਪੂਰੀ ਜਾਣਕਾਰੀ ਅਤੇ ਸਮਝ ਪ੍ਰਾਪਤ ਕਰਨ ਲਈ ਗੁਰੂ ਸਾਹਿਬਾਨ ਦੇ ਇਲਾਹੀ ਉਪਦੇਸ਼ ਸੁਣੇ।

ਬਾਬਾ ਨੰਦ ਸਿੰਘ ਜੀ ਲਗਭਗ 1904 ਈ: ਵਿੱਚ ਹਜ਼ੂਰ ਸਾਹਿਬ ਛੱਡ ਕੇ ਪਿੰਡ ਲਹਿਰਾ ਗਾਗਾ ਦੇ ਸੰਤ ਵਧਾਵਾ ਸਿੰਘ ਜੀ ਕੋਲ ਚਲੇ ਗਏ, ਜੋ ਉਸ ਸਮੇਂ ਗੁਰਬਾਣੀ ਦੇ ਸੁਲਝੇ ਹੋਏ ਮਹਾਨ ਮਹਾਪੁਰਖ ਸਨ। ਸੰਤ ਵਧਾਵਾ ਸਿੰਘ ਬਾਬਾ ਜੀ ਦੀਆਂ ਅਲੌਕਿਕ ਸ਼ਕਤੀਆਂ ਨੂੰ ਦੇਖ ਕੇ ਹੈਰਾਨ ਰਹਿ ਗਏ। ਬਾਬਾ ਜੀ ਨੇ ਉਹ ਸਭ ਕੁਝ ਸਿੱਖ ਲਿਆ ਜੋ ਸੰਤਾਂ ਨੇ ਉਨ੍ਹਾਂ ਨੂੰ ਸਿਖਾਉਣਾ ਸੀ। ਸੰਤ ਵਧਾਵਾ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਭੁੱਚੋ ਦੇ ਸੰਤ ਬਾਬਾ ਹਰਨਾਮ ਸਿੰਘ ਜੀ ਕੋਲ ਲੈ ਜਾਣ ਦੀ ਸੂਝ ਪ੍ਰਾਪਤ ਕੀਤੀ, ਜੋ ਕਿ ਆਪ ਇੱਕ ਦਾਨੀ ਆਤਮਾ ਅਤੇ ਪੰਜਾਬ ਦੇ ਪ੍ਰਸਿੱਧ ਸੰਤ ਸਨ, ਨੂੰ ਹੋਰ ਸਿੱਖਿਆਵਾਂ ਲਈ। ਜਦੋਂ ਬਾਬਾ ਜੀ ਡੇਰੇ (ਇਕਾਂਤ ਨਿਵਾਸ ਸਥਾਨ) ਪਹੁੰਚੇ ਤਾਂ ਸੰਤ ਬਾਬਾ ਹਰਨਾਮ ਸਿੰਘ ਜੀ ਨੇ ਤੁਰੰਤ ਬਾਬਾ ਜੀ ਨੂੰ ਆਪਣੇ ਕਮਰੇ ਵਿੱਚ ਬੁਲਾਇਆ ਕਿਉਂਕਿ ਉਹ ਬਾਬਾ ਨੰਦ ਸਿੰਘ ਜੀ ਨੂੰ 'ਰਿਖੀ ਜੀ' ਕਹਿ ਕੇ ਉਨ੍ਹਾਂ ਦੀ ਉਡੀਕ ਕਰ ਰਹੇ ਸਨ।

ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਨੰਦ ਸਿੰਘ ਜੀ ਨੂੰ ਇੱਕ ਲੱਖ ਪੰਜਾਹ ਹਜ਼ਾਰ ਵਾਰ ਮੂਲ ਮੰਤਰ ਦਾ ਸਿਮਰਨ ਕਰਨ ਦੀ ਹਦਾਇਤ ਕੀਤੀ। ਬਾਬਾ ਜੀ ਨੇ ਆਪਣਾ ਸੀਸ ਝੁਕਾ ਕੇ ਪੱਛਮੀ ਪੰਜਾਬ ਦੇ ਵੱਖ-ਵੱਖ ਸਥਾਨਾਂ ਦੇ ਦਰਸ਼ਨ ਕੀਤੇ ਅਤੇ ਲੰਮਾ ਸਮਾਂ ਸਿਮਰਨ ਵਿੱਚ ਲੀਨ ਰਹੇ। ਬਾਬਾ ਜੀ ਇਸ ਸਮੇਂ ਦੌਰਾਨ ਇਕਾਂਤ ਥਾਵਾਂ 'ਤੇ ਨਿਵਾਸ ਕਰਦੇ ਸਨ।

ਕੁਝ ਸਾਲਾਂ ਬਾਅਦ, ਬਾਬਾ ਜੀ ਦੁਬਾਰਾ ਭੁੱਚੋ ਗਏ ਅਤੇ ਇਸ ਵਾਰ ਬਾਬਾ ਹਰਨਾਮ ਸਿੰਘ ਜੀ ਨੇ ਉਨ੍ਹਾਂ 'ਤੇ ਆਪਣੀ ਕਿਰਪਾ ਅਤੇ ਅਧਿਆਤਮਿਕ ਸ਼ਕਤੀਆਂ ਦੀ ਵਰਖਾ ਕੀਤੀ। ਸੰਤ ਬਾਬਾ ਹਰਨਾਮ ਸਿੰਘ ਜੀ ਨੇ ਬਾਬਾ ਜੀ ਨੂੰ ਹਦਾਇਤ ਕੀਤੀ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੀਵਤ ਬ੍ਰਹਮਤਾ ਦਾ ਪ੍ਰਚਾਰ ਕਰਨ ਅਤੇ ਸਰਬ ਸਾਂਝੀਵਾਲਤਾ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਦਾ ਪ੍ਰਚਾਰ ਕਰਨ ਦਾ ਮਿਸ਼ਨ ਸ਼ੁਰੂ ਕਰਨ। ਇਸ ਤਰ੍ਹਾਂ ਬਾਬਾ ਜੀ ਨੇ ਨਾਨਕਸਰ ਦੀ ਸੰਸਥਾ ਸ਼ੁਰੂ ਕੀਤੀ ਅਤੇ ਆਪਣਾ ਸਾਰਾ ਜੀਵਨ ਪੂਰਨ ਪ੍ਰਾਪਤੀ ਵਿੱਚ ਬਤੀਤ ਕੀਤਾ। ਬਾਬਾ ਜੀ ਸਵੇਰੇ 2 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ ਸਨ। ਬਾਬਾ ਨੰਦ ਸਿੰਘ ਜੀ ਨਾ ਸਿਰਫ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੱਧਰ ਤੋਂ ਹੇਠਾਂ ਸਗੋਂ ਰਾਗੀਆਂ ਅਤੇ ਸੰਗਤਾਂ ਨੂੰ ਵੀ ਜ਼ਮੀਨ ਵਿੱਚ ਟੋਆ ਪੁੱਟ ਕੇ ਬੈਠਦੇ ਸਨ ਕਿਉਂਕਿ ਬਾਬਾ ਜੀ ਹਮੇਸ਼ਾ ਆਪਣੇ ਆਪ ਨੂੰ ਨਿਮਾਣਾ ਸੇਵਾਦਾਰ ਸਮਝਦੇ ਸਨ।

ਬਾਬਾ ਜੀ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇੰਨਾ ਸੰਤੋਖ ਅਤੇ ਵਿਸ਼ਵਾਸ ਸੀ ਕਿ ਉਨ੍ਹਾਂ ਨੇ ਕਦੇ ਕਿਸੇ ਤੋਂ ਪਾਣੀ ਦਾ ਗਿਲਾਸ ਵੀ ਨਹੀਂ ਮੰਗਿਆ। ਬਾਬਾ ਜੀ ਨੇ ਹਮੇਸ਼ਾ ਗੁਰੂ ਸਾਹਿਬ ਦੀ ਸੇਵਾ ਕੀਤੀ ਹੈ ਅਤੇ ਦੂਜਿਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਮਨ ਕੇ ਸੇਵਾ ਕਰਨ ਲਈ ਵਚਨ ਕੀਤੇ ਸਨ। ਉਹਨਾਂ ਨੇ ਆਪ ਇਹ ਸਭ ਖੁਦ ਕਰਕੇ ਦੂਜਿਆਂ ਲਈ ਮਿਸਾਲ ਕਾਇਮ ਕੀਤੀ ਹੈ। ਉਨ੍ਹਾਂ ਦੇ ਅਸ਼ੀਰਵਾਦ ਸਦਕਾ ਹੀ ਹੋਰ ਬਹੁਤ ਸਾਰੀਆਂ ਸੰਸਥਾਵਾਂ ਨੇ ਵਿਸ਼ੇਸ਼ ਬਿਸਤਰਿਆਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਅਤੇ ਸੁਖ ਆਸਣ ਕਰਨੇ ਸ਼ੁਰੂ ਕਰ ਦਿੱਤੇ। ਬਾਬਾ ਜੀ ਹਮੇਸ਼ਾ ਸੰਗਤ ਦੁਆਰਾ ਲਿਆਂਦੇ ਗਏ ਭੋਜਨ ਨੂੰ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੇਟ ਕਰਦੇ ਸਨ ਕਿਉਂਕਿ ਬਾਬਾ ਜੀ ਨੇ ਸ੍ਰੀ ਗੁਰੂ ਸਾਹਿਬ ਨੂੰ ਪ੍ਰਗਟ ਗੁਰਾਂ ਦੀ ਦੇਹ ਮੰਨਿਆ ਸੀ।

ਫਿਰੋਜ਼ਪੁਰ ਛਾਉਣੀ ਵਿਖੇ ਸਥਿਤ ਗੁਰਦੁਆਰਾ 'ਸਾਰਾਗੜ੍ਹੀ' ਵਿਖੇ ਸਿੱਖ ਸੰਗਤਾਂ ਨੇ ਸੰਤ ਬਾਬਾ ਨੰਦ ਸਿੰਘ ਜੀ ਦਾ ਨਾਮ ਰੌਸ਼ਨ ਕੀਤਾ। ਇਹ ਸਭ ਦੇਖ ਕੇ ਉਹ ਇਕ ਦਿਨ ਚੁੱਪਚਾਪ ਉਹ ਥਾਂ ਛੱਡ ਕੇ ਜਗਰਾਉਂ ਸਬ ਡਵੀਜ਼ਨ ਵਿਚ ਪੈਂਦੇ ਆਪਣੇ ਪਿੰਡ ਸ਼ੇਰਪੁਰਾ ਆ ਗਏ। ਉਹ 'ਨੌ ਗਜੀਆ' ਦੇ ਨਾਂ ਨਾਲ ਜਾਣੀ ਜਾਂਦੀ ਇਕ ਕਬਰ ਦੇ ਨੇੜੇ ਰਹਿਣ ਲੱਗ ਪਏ। ਪਿੰਡ ਦੇ ਲੋਕ ਹੀ ਨਹੀਂ ਸਗੋਂ ਦੂਰੋਂ-ਦੂਰੋਂ ਹੋਰ ਲੋਕ ਵੀ ਕਲੇਰਾਂ ਜਾਣ ਲੱਗੇ ਜਿੱਥੇ ਹੁਣ ਗੁਰ-ਦੁਆਰਾ ਨਾਨਕਸਰ ਸਥਿਤ ਹੈ। ਇਹ ਲਗਭਗ 1918 ਤੋਂ 1921 ਈ. ਇਹ ਥਾਂ ਜੰਗਲੀ ਜਾਨਵਰਾਂ ਨਾਲ ਘਿਰਿਆ ਹੋਇਆ ਸੰਘਣਾ ਜੰਗਲ ਸੀ। ਰਾਤ ਦੀ ਕੀ ਗੱਲ ਕਰੀਏ, ਉਸ ਥਾਂ ਤੋਂ ਕਦੇ ਕੋਈ ਲਾਸ਼ ਨਹੀਂ ਲੰਘੀ। ਬਾਬਾ ਜੀ ਉਥੇ ਰਹਿਣ ਲੱਗ ਪਏ ਅਤੇ ਜਲਦੀ ਹੀ ਜੰਗਲ 'ਸੰਗਤ' ਦੀ ਭੀੜ ਹੋ ਗਈ। ਸਥਾਨ ਜੀਵੰਤ ਅਤੇ ਆਕਰਸ਼ਕ ਬਣ ਗਿਆ. ਬਾਬਾ ਜੀ ਨੇ ਨਾਨਕਸਰ ਕਲੇਰਾਂ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਨਿਰੰਤਰ ਪਾਠਾਂ ਦੀ ਸ਼ੁਰੂਆਤ ਕੀਤੀ ਕਿਉਂਕਿ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਵਿੱਚ ਕਿਸੇ ਵੀ ਮਨੁੱਖ ਦੇ ਸਾਰੇ ਪਾਪਾਂ ਨੂੰ ਸਾੜਨ ਦੀ ਅਥਾਹ ਸ਼ਕਤੀ ਹੈ ਅਤੇ ਕਿਸੇ ਨੂੰ ਵੀ ਖੁਸ਼ਹਾਲ ਅਤੇ ਸੰਤੁਸ਼ਟ ਜੀਵਨ ਬਤੀਤ ਕਰਨ ਲਈ ਬਹੁਤ ਸਾਰੀਆਂ ਬਰਕਤਾਂ ਦੀ ਵਰਖਾ ਹੁੰਦੀ ਹੈ। ਉਹਨਾਂ ਨੇ ਨਾਨਕਸਰ ਕਲੇਰਾਂ ਵਿਖੇ ਕੀਰਤਨ ਵੀ ਸ਼ੁਰੂ ਕੀਤਾ । ਸਵੇਰੇ -ਸ਼ਾਮ ਨੂੰ ਵੀ ਕੀਰਤਨ ਕੀਤਾ ਜਾਂਦਾ ਹੈ। ਉਹ ਹਮੇਸ਼ਾ ਲੋਕਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਗਟ ਗੁਰਾਂ ਦੀ ਦੇਹ ਸਮਝ ਕੇ ਸੇਵਾ ਕਰਨ ਦਾ ਨਿਰਦੇਸ਼ ਦਿੰਦੇ ਸਨ ਤਾਂ ਜੋ ਕਲਯੁਗੀ ਸੰਗਤ ਆਪਣੇ ਆਪ ਨੂੰ ਦੁਖਦਾਈ ਬਿਮਾਰੀਆਂ, ਗਰੀਬੀ ਅਤੇ ਸੰਕਟ ਤੋਂ ਛੁਟਕਾਰਾ ਪਾ ਸਕੇ। ਨਾਨਕਸਰ ਨੂੰ ਸਾਰੀਆਂ ਦੁਨਿਆਵੀ ਇੱਛਾਵਾਂ ਤੋਂ ਦੂਰ ਭਗਤੀ ਦਾ ਘਰ ਬਣਾ ਦਿੱਤਾ ਗਿਆ। ਬਾਬਾ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਕਲੇਰਾਂ ਨੇੜੇ ਨਾਨਕਸਰ ਨੂੰ ਸੀਮਿੰਟ ਦੇ ਗੁਰਦੁ-ਆਰੇ ਵਿੱਚ ਤਬਦੀਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਬਾਬਾ ਜੀ ਇਸ ਸੰਸਾਰ ਵਿੱਚ ਕਿਸੇ ਵੀ ਚੀਜ਼ ਦੇ ਮਾਲਕ ਨਹੀਂ ਸਨ ਅਤੇ ਕਿਸੇ ਉੱਤੇ ਨਿਰਭਰ ਨਹੀਂ ਸਨ। ਆਪ ਜੀ ਨੇ ਆਪਣਾ ਸਾਰਾ ਜੀਵਨ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੂਰਨ ਸੰਤੋਖ ਅਤੇ ਸਰੀਰਕ ਬੋਧ ਵਿੱਚ ਸਮਰਪਿਤ ਕੀਤਾ ਹੈ।

## ਡਿੱਗ ਕੇ ਵੀ ਨਹੀਂ ਹੈ ਡਿੱਗਣਾ!

*ਲੈਣ ਵਾਸਤੇ ਤਾਜ਼ੀ ਤੇ ਠੰਢੀ*
*ਹਵਾ,ਨਿਕਲੀ ਸਾਂ ਸੈਰ ਕਰਨ ਵਾਸਤੇ*
*ਵੈਸੇ ਤਾਂ ਜਾਂਦੀ ਹਾਂ ਮੈਂ ਰੋਜ ਹੀ ਸੈਰ ਕਰਨ ਵਾਸਤੇ*
*ਕਿਉਂਕਿ ਮੈਂ ਜਾਣਦੀ ਹਾਂ ਸੈਰ ਕਰਨਾ,ਹੁੰਦਾ ਹੈ ਚੰਗਾ ਸਿਹਤ ਵਾਸਤੇ*
*ਤਨ ਅਤੇ ਮਨ ਦੋਨਾਂ ਲਈ*
*ਚੱਲੀ ਜਾਂ ਰਹੀ ਸੀ ਆਰਾਮ ਨਾਲ*
*ਸਿਮਰਨ ਕਰਦੇ ਕਰਦੇ*
*ਪਰ ਇਹ ਕੀ?!*
*ਜਾ ਪਈ ਮੂੰਹ ਪਰਨੇ ਅਚਾਨਕ*
*ਲੱਗੀ ਹੋਣੀ ਹੈ ਠੋਕਰ ਕੋਈ ਜਾਂ*
*ਕੋਈ ਠੇਡਾ ਲੱਗਿਆ ਹੋਵੇਗਾ*
*ਥੋੜਾ ਡਰ ਗਈ,ਪਰੇਸ਼ਾਨ ਹੋਈ ਤੇ ਸਹਿਮੀ ਵੀ*
*ਕਿ ਇਹ ਕੀ ਹੋ ਗਿਆ ਮੇਰੇ ਨਾਲ*
*ਇੱਕਲੀਹੀ ਸਾਂ ਨਾ ਉਸ ਸਮੇਂ ਸੋ*
*ਉੱਠ ਗਈ ਆਪੇ ਹੀ*
*ਥੋੜੀ ਮੱਥੇ ਉਪਰ ਪਈ ਝਰੀਟ ਅਤੇ*
*ਗੋਡਿਆਂ ਨੂੰ ਲਗੀਆਂ ਰਗੜਾਂ ਨਾਲ*
*ਪਈ ਸੋਚਾਂ ਵਿੱਚ ਕਿ ਕਿਉਂ ਡਿੱਗੀ ਤੇ ਕਿਸਤਰਾਂ ਡਿੱਗੀ?*
*ਉਹ ਹੋ! ਉਸੇ ਵੇਲੇ ਅਵਾਜ਼ ਆਈ*
*ਜਿਵੇਂ ਅਸਮਾਨੋਂ*
*ਭਲੀਏ ਲੋਕੇ !ਡਿੱਗ ਪੈਣਾ ਕੋਈ ਵੱਡੀ ਗਲਤੀ ਨਹੀਂ*
*ਲੱਗ ਗਿਆ ਹੋਵੇਗਾ ਕੋਈ ਠੇਡਾ ਜਾਂ*
*ਲੱਗੀ ਹੋਣੀ ਹੈ ਕੋਈ ਠੋਕਰ*
*ਪਰ ਹਾਂ, ਅੱਗੇ ਤੋਂ ਰੱਖਣਾ ਹੈ ਧਿਆਨ, ਚਲਣਾ ਹੈ ਦੇਖ ਕੇ*
*ਅੱਗੇ ਵੱਲ, ਸੱਜੇ ਖੱਬੇ ਤੇ ਚਾਰ ਚੁਫੇਰੇ*
*ਇੰਝ ਡਿੱਗ ਪੈਣਾ ਕੋਈ ਖਾਸ ਘਟਨਾ ਨਹੀਂ*
*ਪਰ ਰਹਿਣਾ ਹੈ ਸਤਰਕ ਕਿ ਨਹੀਂ ਹੈ ਡਿੱਗਣਾ ਹੈ*
*ਆਪਣੇ ਕਿਰਦਾਰ ਤੋਂ ਤੇ ਮਾਨਸਿਕ ਤੌਰ ਤੇ*
*ਨਹੀਂ ਹੈ ਡਿੱਗਣਾ ਹੈ ਕਿਸੇ ਦੀਆਂ ਨਜ਼ਰਾਂ ਤੋਂ*
*ਖਾਸ ਕਰਕੇ ਨਹੀਂ ਹੈ ਡਿੱਗਣਾ ਆਪਣੀਆਂ ਨਜ਼ਰਾਂ ਤੋਂ!*
*ਨਹੀਂ ਹੈ ਡਿੱਗਣਾ ਆਪਣੀਆਂ ਨਜ਼ਰਾਂ ਤੋਂ!!*

*-ਅਮਰਜੀਤ ਕੌਰ,*
*ਸਟੇਟ ਐਵਾਰਡੀ ਸੇਵਾ ਮੁਕਤ,*
*ਮੁੱਖ ਅਧਿਆਪਕਾ।*



# ਭ੍ਰਿਸ਼ਟ ਅਫਸਰਾਂ ਨੂੰ ਬਚਾਅ ਰਹੇ ਨੇ ਸਰਕਾਰੀ ਵਿਭਾਗ: ਸੀ ਵੀ ਸੀ

* 55 ਭ੍ਰਿਸ਼ਟ ਅਫਸਰਾਂ ਨੂੰ ਸਜ਼ਾ ਦੇਣ ਦੀ ਸਲਾਹ ਦਾ ਪਾਲਣ ਨਹੀਂ ਕੀਤਾ




ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਕੇਂਦਰੀ ਚੌਕਸੀ ਕਮਿਸ਼ਨ (ਸੀ ਵੀ ਸੀ) ਨੇ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਸਰਕਾਰੀ ਵਿਭਾਗਾਂ ਦੇ ਵਿਹਾਰ ਉੱਤੇ ਨਾਰਾਜ਼ਗੀ ਪ੍ਰਗਟਾਈ ਅਤੇ ਕਿਹਾ ਹੈ ਕਿ ਸਰਕਾਰੀ ਵਿਭਾਗਾਂ ਨੇ 55 ਮਾਮਲਿਆਂ ਵਿੱਚ ਭ੍ਰਿਸ਼ਟਾਚਾਰ ਵਿੱਚ ਸ਼ਾਮਲ ਅਫਸਰਾਂ ਨੂੰ ਸਜ਼ਾ ਦੇਣ ਦੀ ਸਿਫਾਰਸ਼ ਨੂੰ ਨਹੀਂ ਮੰਨਿਆ। ਰੇਲ ਮੰਤਰਾਲੇ ਦੇ 11 ਅਜਿਹੇ ਕੇਸ ਹਨ, ਜਿਨ੍ਹਾਂ ਵਿੱਚ ਸਿਫਾਰਸ਼ਾਂ ਨਹੀਂ ਮੰਨੀਆਂ ਗਈਆਂ।

ਸੀ ਵੀ ਸੀ ਦੀ ਸਾਲਾਨਾ ਰਿਪੋਰਟ 2021 ਦੇ ਮੁਤਾਬਕ ਭਾਰਤੀ ਲਘੂ ਉਦਯੋਗ ਵਿਕਾਸ ਬੈਂਕ (ਸਿਡਬੀ), ਬੈਂਕ ਆਫ ਇੰਡੀਆ ਅਤੇ ਦਿੱਲੀ ਜਲ ਬੋਰਡ ਵਿੱਚ ਅਜਿਹੇ ਚਾਰ-ਚਾਰ ਕੇਸ ਹਨ ਅਤੇ ਮਹਾਨਦੀ ਕੋਲਫੀਲਡਸ ਲਿਮਟਿਡ ਨੇ ਤਿੰਨ ਕੇਸਾਂ ਵਿੱਚ ਆਪਣੇ ਮੁਲਾਜ਼ਮਾਂ ਖਿਲਾਫ ਕਾਰਵਾਈ ਨਹੀਂ ਕੀਤੀ। ਸੀ ਵੀ ਸੀ ਅਨੁਸਾਰ ਬੇਨਿਯਮੀਆਂ ਤੇ ਖ਼ਾਮੀਆਂ ਦੇ ਗੰਭੀਰ ਕੇਸ ਮਿਲੇ ਹਨ। ਕੁਝ ਕੇਸਾਂ ਵਿੱਚ ਅਸਹਿਮਤੀ ਦੇ ਮੁੱਦਿਆਂ ਉੱਤੇ ਸੀ ਵੀ ਸੀ ਜਾਂ ਅਮਲਾ ਵਿਭਾਗ ਦੇ ਨਾਲ ਸਲਾਹ ਨਹੀਂ ਕੀਤੀ ਗਈ। ਕੁਝ ਕੇਸਾਂ ਵਿੱਚ ਨਿਯਮਾਂ ਦੀ ਜਾਣਕਾਰੀ ਨਾ ਹੋਣ ਜਾਂ ਅਣਦੇਖੀ ਕਾਰਨ ਅਨੁਸ਼ਾਸਨੀ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਕਮਿਸ਼ਨ ਨੇ ਪਾਇਆ ਕਿ 2021 ਵਿੱਚ ਉਸ ਦੀਆਂ ਕੁਝ ਖਾਸ ਸਿਫਾਰਸ਼ਾਂ ਨੂੰ ਨਹੀਂ ਮੰਨਿਆ ਗਿਆ।

ਭ੍ਰਿਸ਼ਟਾਚਾਰ ਦੇ ਕੇਸਾਂ ਦੀ ਨਿਗਰਾਨੀ ਕਰਨ ਵਾਲੀ ਇਸ ਸੰਸਥਾ ਨੇ ਕਿਹਾ ਕਿ ਇੰਡੀਅਨ ਓਵਰਸੀਜ਼ ਬੈਂਕ, ਬੈਂਕ ਆਫ ਮਹਾਰਾਸ਼ਟਰਾ, ਮਦਰਾਸ ਫਰਟੀਲਾਈਜ਼ਰ ਲਿਮਟਿਡ, ਇਗਨੂ ਅਤੇ ਉਤਰੀ ਦਿੱਲੀ ਨਗਰ ਨਿਗਮ ਨੇ ਦੋ-ਦੋ ਕੇਸਾਂ ਵਿੱਚ ਕਾਰਵਾਈ ਦੀ ਸਿਫਾਰਸ਼ ਨਹੀਂ ਮੰਨੀ। ਉਤਰੀ ਦਿੱਲੀ ਨਗਰ ਨਿਗਮ ਅੱਜਕੱਲ੍ਹ ਦਿੱਲੀ ਨਗਰ ਨਿਗਮ ਦਾ ਹਿੱਸਾ ਹੈ। ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਨਹੀਂ ਮੰਨਣਾ ਜਾਂ ਕਮਿਸ਼ਨ ਨਾਲ ਸਲਾਹ ਨਾ ਕਰਨਾ ਇਸ ਪ੍ਰਕਿਰਿਆ ਦਾ ਨੁਕਸਾਨ ਕਰਦਾ ਹੈ। ਇਸ ਤੋਂ ਚੌਕਸੀ ਵਿਭਾਗ ਦੀ ਨਿਰਪੱਖਤਾ ਕਮਜ਼ੋਰ ਹੁੰਦੀ ਹੈ।

# ਸੁਪਰੀਮ ਕੋਰਟ ਵੱਲੋਂ ਰਾਫ਼ੇਲ ਕੇਸ ਦੀ ਨਵੀਂ ਜਾਂਚ ਦੀ ਮੰਗ ਰੱਦ



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਫਰਾਂਸੀਸੀ ਏਜੰਸੀ ਦੀ ਰਿਪੋਰਟ ਉੱਤੇ ਰਾਫ਼ੇਲ ਸੌਦੇ ਦੀ ਨਵੇਂ ਸਿਰੇ ਤੋਂ ਜਾਂਚ ਦੀ ਮੰਗ ਵਾਲੀ ਜਨਹਿਤ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ।

ਰਾਫ਼ੇਲ ਦੀ ਖ਼ਰੀਦ ਵਿੱਚ ਭ੍ਰਿਸ਼ਟਾਚਾਰ ਬਾਰੇ ਫ਼ਰਾਂਸੀਸੀ ਪੋਰਟਲ ਦੇ ਦਾਅਵੇ ਬਾਰੇ ਦਾਇਰ ਕੀਤੀ ਗਈ ਪਟੀਸ਼ਨ ਵਿੱਚ ਅਦਾਲਤ ਦੀ ਨਿਗਰਾਨੀ ਵਿੱਚ ਸੁਤੰਤਰ ਜਾਂਚ ਦੇ ਆਦੇਸ਼ ਦੀ ਮੰਗ ਕੀਤੀ ਗਈ ਸੀ।ਚੀਫ਼ ਜਸਟਿਸ ਯੂ ਯੂ ਲਲਿਤ ਅਤੇ ਜਸਟਿਸ ਐਸ ਰਵਿੰਦਰ ਭੱਟ ਦੇ ਬੈਂਚ ਨੇ ਐਡਵੋਕੇਟ ਐਮ ਐਲ ਸ਼ਰਮਾ ਵੱਲੋਂ ਦਾਇਰ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਇਸ ਲਈ ਪਟੀਸ਼ਨ ਨੂੰ ਰੱਦ ਕਰ ਦਿੱਤਾ ਕਿ ਪਟੀਸ਼ਨਰ ਨੇ ਸੁਪਰੀਮ ਕੋਰਟ ਦੇ ਦਖ਼ਲ ਲਈ ਕੋਈ ਕੇਸ ਨਹੀਂ ਬਣਾਇਆ ਗਿਆ। ਸੁਪਰੀਮ ਕੋਰਟ ਵੱਲੋਂ ਹੁਕਮ ਦਿੱਤੇ ਜਾਣ ਪਿੱਛੋਂ ਐਡਵੋਕੇਟ ਐਮ ਐਲ ਸ਼ਰਮਾ ਨੇ ਇੱਕ ਹੋਰ ਬੇਨਤੀ ਰਾਹੀਂ ਪਟੀਸ਼ਨ ਵਾਪਸ ਲੈਣ ਦੀ ਇਜਾਜ਼ਤ ਮੰਗੀ। ਇਸ ਦੇ ਨਾਲ ਸੁਪਰੀਮ ਕੋਰਟ ਨੇ ਇਸ ਬੇਨਤੀ ਨੂੰ ਸਵੀਕਾਰ ਕਰਦੇ ਹੋਏ ਆਦੇਸ਼ ਵਿੱਚ ਸੋਧ ਕਰਦਿਆਂ ਪਟੀਸ਼ਨ ਨੂੰ ਰੱਦ ਕਰ ਦਿੱਤਾ।ਬੈਂਚ ਨੇ ਵਕੀਲ ਐਮ ਐਲ ਸ਼ਰਮਾ ਨੂੰ ਕਿਹਾ ਕਿ ਅਦਾਲਤ ਪਟੀਸ਼ਨ ਉੱਤੇ ਵਿਚਾਰ ਕਰਨ ਲਈ ਤਿਆਰ ਨਹੀਂ ਹੈ।

# ਗੁਰਦੁਆਰਾ ਸਾਹਿਬ ਮੱਥਾ ਟੇਕਣ ਜਾਂਦੇ ਸ਼ਰਧਾਲੂਆਂ ਦੇ ਜਥੇ ਨੂੰ ਟਰੱਕ ਨੇ ਟੱਕਰ ਮਾਰੀ, 8 ਮੌਤਾਂ




ਬਰੇਲੀ, 01 ਸਤੰਬਰ (ਪੋਸਟ ਬਿਊਰੋ)- ਉਤਰ ਪ੍ਰਦੇਸ਼ ਦੇ ਬਰੇਲੀ ਵਿੱਚ ਇੱਕ ਸੜਕ ਹਾਦਸੇ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ, ਜਿਸ ਬਾਰੇ ਪੁਲਸ ਅਗਲੀ ਕਾਰਵਾਈ ਕਰ ਰਹੀ ਹੈ।

ਇਸ ਜ਼ਿਲ੍ਹੇ ਦੇ ਬਹੇੜੀ ਕੋਤਵਾਲੀ ਖੇਤਰ ਵਿੱਚ ਤੇਜ਼ ਰਫ਼ਤਾਰ ਟਰੱਕ ਨੇ ਸ਼ਰਧਾਲੂਆਂ ਵਾਲੀ ਟਰੈਕਟਰ-ਟਰਾਲੀ ਨੂੰ ਪਿਛਿਉਂ ਟੱਕਰ ਮਾਰ ਦਿੱਤੀ। ਹਾਦਸੇ ਵਿੱਚ ਦੋ ਬੱਚਿਆਂ ਸਮੇਤ ਅੱਠ ਲੋਕਾਂ ਦੀ ਮੌਤ ਹੋ ਗਈ ਤੇ 37 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚੋਂ ਤਿੰਨਾਂਦੀ ਹਾਲਤ ਨਾਜ਼ੁਕ ਹੈ। ਪੁਲਸ ਦੇ ਮੁਤਾਬਕ ਉਤਰਾਖੰਡ ਦੇ ਪੁਲਭੱਟਾ ਥਾਣਾ ਖੇਤਰ ਦੇ ਸ਼ਕਤੀ ਫਾਰਮ ਤੋਂ 40 ਤੋਂ 45 ਸ਼ਰਧਾਲੂਆਂ ਦਾ ਜੱਥਾ ਟਰਾਲੀ ਉੱਤੇ ਬਰੇਲੀ ਜ਼ਿਲ੍ਹੇ ਦੇ ਬਹੇੜ ਕੋਤਵਾਲੀ ਖੇਤਰ ਵਿੱਚ ਉਤਮ ਨਗਰ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਜਾ ਰਿਹਾ ਸੀ। ਉਨ੍ਹਾਂ ਦੱਸਿਆ ਕਿ ਸਿਰਸਾ ਚੌਕੀ ਨੇੜੇ ਯੂ-ਟਰਨ ਲੈਂਦੇ ਸਮੇਂ ਪੁਲਭੱਟਾ ਵੱਲੋਂ ਆ ਰਹੇ ਟਰੱਕ ਨੇ ਟਰੈਕਟਰ-ਟਰਾਲੀ ਨੂੰ ਟੱਕਰ ਮਾਰ ਦਿੱਤੀ। ਪੁਲਸ ਨੇ ਦੱਸਿਆ ਕਿ ਜ਼ਖ਼ਮੀਆਂ ਨੂੰ ਤੁਰੰਤ ਕਮਿਊਨਿਟੀ ਸਿਹਤ ਕੇਂਦਰ ਕਿੱਛਾ (ਉਤਰਾਖੰਡ) ਅਤੇ ਬੇਹੜੀ (ਬਰੇਲੀ) ਲਿਜਾਇਆ ਗਿਆ।

## ਦਿੱਲੀ ਦੇ ਲੈਫਟੀਨੈਂਟ ਗਵਰਨਰ ਉੱਤੇ ਨੋਟਬੰਦੀ ਦੌਰਾਨ 1400 ਕਰੋੜ ਦੇ ਘਪਲੇ ਦਾ ਦੋਸ਼



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ) - ਦਿੱਲੀ ਵਿੱਚ ਆਮ ਆਦਮੀ ਪਾਰਟੀ ਦੇ ਸਾਰੇ ਵਿਧਾਇਕ ਦਿੱਲੀ ਵਿਧਾਨ ਸਭਾ ਵਿੱਚ ਧਰਨੇ ਉੱਤੇ ਬੈਠ ਗਏ ਹਨ। ਵਿਧਾਇਕ ਲੈਫਟੀਨੈਂਟ ਗਵਰਨਰ (ਐਲ ਜੀ) ਵਿਨੇ ਕੁਮਾਰ ਸਕਸੈਨਾ ਖ਼ਿਲਾਫ਼ ਜਾਂਚ ਅਤੇ ਅਸਤੀਫ਼ੇ ਦੀ ਮੰਗ ਨੂੰ ਲੈ ਕੇ ਧਰਨੇ ਉੱਤੇ ਬੈਠੇ ਹਨ।

ਇਹ ਜਾਣਕਾਰੀ ਆਮ ਆਦਮੀ ਪਾਰਟੀ ਦੇ ਬੁਲਾਰੇ ਅਤੇ ਵਿਧਾਇਕ ਸੌਰਭ ਭਾਰਦਵਾਜ ਨੇ ਦਿੱਤੀ।ਇਸ ਪਾਰਟੀ ਦੇ ਵਿਧਾਇਕਾਂ ਦਾ ਦੋਸ਼ ਹੈ ਕਿ ਨੋਟਬੰਦੀ ਦੌਰਾਨ ਮੌਜੂਦਾ ਲੈਫਟੀਨੈਂਟ ਗਵਰਨਰ ਵੱਲੋਂ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਦੇ ਚੇਅਰਮੈਨ ਰਹਿੰਦਿਆਂ 1,400 ਕਰੋੜ ਰੁਪਏ ਦਾ ਘਪਲਾ ਕੀਤਾ ਗਿਆ ਸੀ। ਇਸਦੀ ਜਾਂਚ ਹੋਣੀ ਚਾਹੀਦੀ ਹੈ। ਵਿਧਾਇਕ ਸੌਰਵ ਭਾਰਦਵਾਜ ਨੇ ਕਿਹਾ ਕਿ ਤੁਸੀ ਜਾਣਦੇ ਹੋ ਕਿ ਦਿੱਲੀ ਵਿਧਾਨ ਸਭਾ ਭਰੋਸੇ ਦੇ ਵੋਟ ਉੱਤੇ ਚਰਚਾ ਕਰਦੇ ਹੋਏ ਕਈ ਵਾਰ ਮੁਲਤਵੀ ਹੋਈ। ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੀ ਮੰਗ ਹੈ ਕਿ ਖਾਦੀ ਗ੍ਰਾਮ ਉਦਯੋਗ ਕਮਿਸ਼ਨ ਵਿੱਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਹੋਵੇ। ਸੌਰਵ ਭਾਰਦਵਾਜ ਨੇ ਕਿਹਾ ਕਿ ਉਹ ਲੋਕ ਖੁਦ ਕਹਿੰਦੇ ਸਨ ਕਿ ਜੇ ਦੋਸ਼ ਲੱਗਣ ਤਾਂ ਜਾਂਚ ਹੋਣੀ ਚਾਹੀਦੀ ਹੈ, ਫਿਰ ਅਸੀਂ ਵੀ ਕਹਿ ਰਹੇ ਹਾਂ ਕਿ ਜੇ ਲੈਫਟੀਨੈਂਟ ਗਵਰਨਰ ਉੱਤੇ ਦੋਸ਼ ਹਨ ਤਾਂ ਉਨ੍ਹਾਂ ਖ਼ਿਲਾਫ਼ ਵੀ ਸੀ ਬੀ ਆਈ, ਈ ਡੀ ਦੀ ਜਾਂਚ ਹੋਣੀ ਚਾਹੀਦੀ ਹੈ।

# ਰੂਸੀ ਤੇਲ ਇੰਪੋਰਟ ਉਤੇ ਭਾਰਤ ਦੀ ਨਿੰਦਾ ਕਰਨਾ ਪੱਛਮੀ ਦੇਸ਼ਾਂ ਦਾ ਦੋਹਰਾ ਮਾਪਦੰਡ: ਰੂਸ



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਰੂਸ ਦੇ ਰਾਜਦੂਤ ਡੇਨਿਸ ਅਲੀਪੋਵ ਨੇ ਕੱਲ੍ਹ ਕਿਹਾ ਕਿ ਉਨ੍ਹਾਂ ਦੇ ਦੇਸ਼ ਤੋਂ ਕੱਚੇ ਤੇਲ ਦੀ ਇੰਪੋਰਟ ਲਈ ਭਾਰਤ ਦੀ ਆਲੋਚਨਾ ਕਰਨਾ, ਪਰ 'ਆਪਣੀਆਂ ਗ਼ੈਰ-ਕਾਨੂੰਨੀ ਪਾਬੰਦੀਆਂ' ਤੋਂ ਆਪਣੇ ਆਪ ਨੂੰ ਛੋਟ ਦੇਣਾ ਪੱਛਮੀ ਦੇਸ਼ਾਂ ਦਾ ਸਿਧਾਂਤਹੀਣ ਰੁਖ ਤੇ ਦੋਹਰਾ ਮਾਪਦੰਡ ਹੈ।

ਇਸ ਬਾਰੇ ਰੂਸੀ ਰਾਜਦੂਤ ਨੇ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ ਕਿ ਭਾਰਤ ਅਤੇ ਰੂਸ ਵਿਚਾਲੇ ਵਪਾਰ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਭੁਗਤਾਨ ਦੇ ਕਈ ਸਿਸਟਮ ਮੌਜੂਦ ਹਨ ਅਤੇ ਏਸ਼ੀਆ ਅਤੇ ਪੱਛਮੀ ਏਸ਼ੀਆ ਵਿੱਚ ਵਿਹਾਰਕ ਬਦਲ ਪੇਸ਼ ਕਰਨ ਵਾਲੇ ਕੁਝ 'ਭਾਈਵਾਲਾਂ' ਨਾਲ ਤੀਜੇ ਦੇਸ਼ਾਂ ਦੀਆਂ ਕਰੰਸੀਆਂ ਦੀ ਵਰਤੋਂ ਕਰਨ ਦੀ ਵੀ ਬਦਲ ਹੈ।ਇਤਿਹਾ-ਸਕ ਤੌਰ ਉੱਤੇ ਭਾਰਤ ਲਈ ਬਾਇਓ ਫਿਊਲ ਦਾ ਵੱਡਾ ਸਰੋਤ ਰੂਸ ਨਹੀਂ ਰਿਹਾ, ਪਰ ਪਿਛਲੇ ਕੁਝ ਮਹੀਨਿਆਂ ਵਿੱਚ ਰਿਆਇਤੀ ਦਰਾਂ ਉੱਤੇ ਰੂਸੀ ਕਰੂਡ ਦੀ ਇੰਪੋਰਟਵਿੱਚ ਭਾਰੀ ਵਾਧਾ ਦੇਖਿਆ ਹੈ, ਜਦੋਂ ਕਿ ਪੱਛਮੀ ਦੇਸ਼ ਇਸ ਉੱਤੇ ਇਤਰਾਜ਼ ਕਰਦੇ ਹਨ। ਅਲੀਪੋਵ ਨੇ ਕਿਹਾ,''ਭਾਰਤ ਦੀ ਆਲੋਚਨਾ ਕਰਨ ਵਾਲੇ ਪੱਛਮੀ ਦੇਸ਼ ਆਪਣੀਆਂ ਗੈਰ-ਕਾਨੂੰਨੀ ਪਾਬੰਦੀਆਂ ਤੋਂ ਛੋਟ ਦੇ ਕੇ ਰੂਸੀ ਊਰਜਾ ਸਰੋਤ ਖੁਦ ਸਰਗਰਮੀ ਨਾਲ ਖਰੀਦਣ ਬਾਰੇ ਨਾ ਸਿਰਫ ਚੁੱਪ ਵੱਟ ਰਹੇ ਹਨ, ਸਗੋਂ ਅਜਿਹਾ ਕਰ ਕੇ ਉਹ ਸਿਧਾਂਤਕ ਰੁਖ ਅਤੇ ਦੋਹਰੇ ਮਾਪਦੰਡਾਂ ਦੀ ਵੀ ਉਲੰਘਣਾ ਕਰ ਰਹੇ ਹਨ।''

# ਭਾਰਤ ਸਰਕਾਰ ਨੇ ਰੇਡੀਓ ਚੈਨਲਾਂ ਨੂੰ ਕਿਹਾ, ਚੌਕਸੀ ਖੁਰਾਕ ਵਾਸਤੇ ਮੁਫਤ ਪ੍ਰਚਾਰ ਕਰੋ



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਭਾਰਤ ਸਰਕਾਰ ਨੇ ਨਿੱਜੀ ਐਫ ਐਮ ਰੇਡੀਓ ਸਟੇਸ਼ਨਾਂ ਤੋਂ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਦੇ ਹਿੱਸੇ ਵਜੋਂ ਦਿੱਤੀ ਜਾਣ ਵਾਲੀ ਕੋਵਿਡ-19 ਵਿਰੋਧੀ ਟੀਕਿਆਂ ਦੀ ਮੁਫਤ ਚੌਕਸੀ ਖੁਰਾਕ ਦਾ ਪ੍ਰਚਾਰ ਮੁਫਤ ਕਰਨ ਨੂੰ ਕਿਹਾ ਹੈ। ਸਰਕਾਰ ਨੇ 'ਆਜ਼ਾਦੀ ਦਾ ਅੰਮ੍ਰਿਤ ਮਹਾ ਉਤਸਵ' ਪ੍ਰੋਗਰਾਮ ਹੇਠ ਸਾਰੇ ਸਰਕਾਰੀ ਟੀਕਾਕਰਨ ਕੇਂਦਰਾਂ ਉੱਤੇਲੋੜਵੰਦ ਆਬਾਦੀ ਨੂੰ ਕੋਵਿਡ-19 ਟੀਕਿਆਂ ਦੀ ਮੁਫਤ ਚੌਕਸੀ ਖੁਰਾਕ ਲਈ 15 ਜੁਲਾਈ ਤੋਂ ਤੀਹ ਸਤੰਬਰ ਤਕ ਚੱਲਣ ਵਾਲੇ 75 ਦਿਨ ਦੀ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ।

ਨਿੱਜੀ ਐਫ ਐਮ ਰੇਡੀਓ ਸਟੇਸ਼ਨਾਂ ਨੂੰ ਸਲਾਹ ਵਿੱਚ ਕੇਂਦਰੀ ਸੂਚਨਾ ਅਤੇ ਪ੍ਰਸਾਰਨ ਮੰਤਰਾਲੇ ਨੇ ਚੌਕਸੀ ਖੁਰਾਕ ਲਗਵਾਉਣ ਦੀ ਜ਼ਰੂਰਤ ਦੇ ਬਾਰੇ ਸੰਦੇਸ਼ ਪ੍ਰਸਾਰਤ ਕਰਨ ਲਈ ਕਿਹਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਸਾਰੇ ਨਿੱਜੀ ਐਫ ਐਮ ਰੇਡੀਓ ਚੈਨਲ ਲੋਕਾਂ ਨੂੰ ਸਰਕਾਰੀ ਕੇਂਦਰਾਂ ਉੱਤੇ ਮੁਫਤ ਚੌਕਸੀ ਖੁਰਾਕ ਦੀ ਉਪਲਬਧਤਾ ਦੇ ਬਾਰੇ ਸੂਚਿਤ ਕਰਨ ਲਈ ਸੰਦੇਸ਼ ਅਤੇ ਹੋਰ ਸਮੱਗਰੀ ਪ੍ਰਸਾਰਿਤ ਕਰਨ। ਉਹ ਉਨ੍ਹਾਂ ਨੂੰ ਚੌਕਸੀ ਖੁਰਾਕ ਪ੍ਰਾਪਤ ਕਰਨ, ਕੋਵਿਡ-19 ਦੀ ਰੋਕਥਾਮ ਲਈ ਉਚਿਤ ਵਿਹਾਰ ਦਾ ਪਾਲਣ ਕਰਨ ਅਤੇ ਜ਼ਰੂਰੀ ਸਾਵਧਾਨੀ ਦੀ ਚੌਕਸੀ ਦੇ ਬਾਰੇ ਵੀ ਦੱਸਣ। ਬੀਤੇ ਸਾਲ 16 ਜਨਵਰੀ ਨੂੰ ਦੇਸ਼ਵਿਆਪੀ ਟੀਕਾਕਰਨ ਮੁਹਿੰਮ ਦੀ ਸ਼ੁਰੂਆਤ ਪਿੱਛੋਂ ਭਾਰਤ ਵਿੱਚ ਅੱਜ ਤਕ ਕੋਵਿਡ-19 ਵਿਰੋਧੀ ਟੀਕਿਆਂ ਦੀ 211 ਕਰੋੜ ਤੋਂ ਵੱਧ ਖੁਰਾਕ ਲਾਈ ਗਈ ਹੈ।10 ਜਨਵਰੀ ਨੂੰ ਚੌਕਸੀ ਖੁਰਾਕ ਨਾਲ ਸਬੰਧਤ ਮੁਹਿੰਮ ਸ਼ੁਰੂ ਹੋਣ ਪਿੱਛੋਂ ਇਸ ਸੋਮਵਾਰ ਤਕ 15.43 ਕਰੋੜ ਤੋਂ ਵੱਧ ਨੂੰ ਬੂਸਟਰ ਡੋਜ਼ ਦਿੱਤੀ ਗਈ ਹੈ।

# ਧਿਆਨ ਚੰਦ ਦੇ ਬੇਟੇ ਨੂੰ ਉਨ੍ਹਾਂ ਦੀ ਹਾਕੀ ਸਟਿਕ ਦਿੱਤੀ ਜਾਏਗੀ



ਮੇਰਠ, 01 ਸਤੰਬਰ (ਪੋਸਟ ਬਿਊਰੋ)- ਹਾਕੀ ਦੇ ਜਾਦੂਗਰ ਮੇਜਰ ਧਿਆਨ ਚੰਦ ਦੀ ਹਾਕੀ ਸਟਿਕ, ਜੋ ਦਹਾਕਿਆਂ ਤੋਂ ਮੇਰਠ ਵਿੱਚ ਸੁਰੱਖਿਅਤ ਸੀ, ਨੂੰ ਝਾਂਸੀ ਲਿਜਾਇਆ ਗਿਆ ਹੈ। ਉਸ ਦੀ ਸੰਭਾਲ ਦਾ ਕੰਮ ਕੋਚ ਸਤੀਸ਼ ਸ਼ਰਮਾ ਅਤੇ ਖੇਡ ਅਫਸਰਾਂ ਸਮੇਤ ਖਿਡਾਰੀਆਂ ਦੀ ਇੱਕ ਟੀਮ ਕਰ ਰਹੀ ਹੈ। ਹਾਕੀ ਦੇ ਜਾਦੂਗਰ ਦੇ ਬੇਟੇ ਅਸ਼ੋਕ ਧਿਆਨ ਚੰਦ ਨੂੰ 117ਵੀਂ ਜਯੰਤੀ ਦੇ ਮੌਕੇ ਉੱਤੇ ਝਾਂਸੀ ਵਿੱਚ ਇਹ ਹਾਕੀ ਸਟਿਕ ਸੌਂਪੀ ਜਾਏਗੀ।

ਕੋਚ ਸਤੀਸ਼ ਸ਼ਰਮਾ ਨੇ ਕਿਹਾ, ''ਇਹ ਹਾਕੀ ਸਟਿਕ 66 ਸਾਲ ਤੋਂ ਵੱਧ ਪੁਰਾਣੀ ਹੈ। 'ਦੱਦਾ', ਜਿਸ ਨੂੰ ਹਾਕੀ ਦੇ ਜਾਦੂਗਰ ਕਿਹਾ ਜਾਂਦਾ ਸੀ, 1956 ਵਿੱਚ ਇਸ ਹਾਕੀ ਸਟਿਕ ਨਾਲ ਪ੍ਰੈਕਟਿਸ ਕਰਦੇ ਸਨ। ਇਹ ਸਟਿਕ ਅਰੁਣ ਸ਼ਰਮਾ ਦੇ ਕੋਲ ਸੀ, ਜੋ ਹਾਕੀ ਮੇਕਰ ਸਵਰਗੀ ਸੋਹਣ ਲਾਲ ਸ਼ਰਮਾ ਦੇ ਪੋਤਰੇ ਹਨ। ਸੋਹਣ ਲਾਲ ਨਾਲ ਮੇਜਰ ਧਿਆਨ ਚੰਦ ਕਾਫੀ ਸਮਾਂ ਬਿਤਾਉਂਦੇ ਸਨ। ਅਰੁਣ ਨੇ ਲੀਜੈਂਡ ਦੀ ਯਾਦ ਨੂੰ ਜਿਊਂਦੇ ਰੱਖਣ ਲਈ ਇਸ ਨੂੰ ਆਪਣੇ ਕੋਲ ਸੰਭਾਲਿਆ ਹੋਇਆ ਸੀ।'' ਉਨ੍ਹਾਂ ਨੇ ਕਿਹਾ, ''ਹਾਲ ਹੀ ਵਿੱਚ ਅਸ਼ੋਕ ਧਿਆਨ ਚੰਦ ਨੇ ਉਸ ਹਾਕੀ ਸਟਿਕ ਲਈ ਬੇਨਤੀ ਕੀਤੀ। ਜਦ ਅਰੁਣ ਨੂੰ ਇਸ ਦੇ ਬਾਰੇ ਵਿੱਚ ਪਤਾ ਲੱਗਾ ਤਾਂ ਉਹ ਖੁਸ਼ੀ-ਖੁਸ਼ੀ ਉਸ ਨੂੰ ਸੌਂਪਣ ਲਈ ਤਿਆਰ ਹੋ ਗਏ।''

# ਪੂਰੇ ਭਾਰਤ ਵਿੱਚ ਖੁਦਕੁਸ਼ੀਆਂ ਦੀ ਦਰ 'ਚ 6.2 ਫੀਸਦੀ ਵਾਧਾ

*ਖੁਦਕੁਸ਼ੀ ਦੇ ਸਭ ਤੋਂ ਵੱਧ ਕੇਸਾਂ ਵਿਚ ਮਹਾਰਾਸ਼ਟਰ ਨੰਬਰ ਵਨ



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ 2021 ਵਿੱਚ ਮਹਾਰਾਸ਼ਟਰ ਵਿੱਚ ਖੁਦਕੁਸ਼ੀ ਦੀਆਂ ਸਭ ਤੋਂ ਵੱਧ ਘਟਨਾਵਾਂ ਹੋਈਆਂ। ਤਾਮਿਲ ਨਾਡੂ ਅਤੇ ਮੱਧ ਪ੍ਰਦੇਸ਼ ਖੁਦਕੁਸ਼ੀਦੇ ਕੇਸਾਂ ਵਿੱਚ ਦੂਸਰੇ ਤੇ ਤੀਸਰੇ ਸਥਾਨ ਉੱਤੇ ਰਹੇ। ਪੂਰੇ ਭਾਰਤ ਵਿੱਚ ਅਜਿਹੇ 1,64,033 ਕੇਸ ਦਰਜ ਕੀਤੇ ਗਏ।

ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨ ਸੀ ਆਰ ਬੀ) ਦੀ ਤਾਜ਼ਾ ਰਿਪੋਰਟ ਅਨੁਸਾਰ ਪੇਸ਼ੇ ਜਾਂ ਕੈਰੀਅਰ ਨਾਲ ਸਬੰਧਤ ਸਮੱਸਿਆਵਾਂ, ਇਕੱਲੇਪਣ ਦੀ ਭਾਵਨਾ, ਦੁਰਵਿਹਾਰ, ਹਿੰਸਾ, ਪਰਵਾਰਕ ਸਮੱਸਿਆਵਾਂ, ਮਾਨਸਿਕ ਵਿਕਾਰ, ਸ਼ਰਾਬ ਦੀ ਆਦਤ ਤੇ ਵਿੱਤੀ ਨੁਕਸਾਨ ਆਦਿ ਦੇਸ਼ ਵਿੱਚ ਖੁਦਕੁਸ਼ੀਦੀਆਂ ਘਟਨਾਵਾਂ ਦੇ ਮੁੱਖ ਕਾਰਨ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ 2020 ਵਿੱਚ ਖੁਦਕੁਸ਼ੀਦੇ ਕੁੱਲ 1,53,052 ਕੇਸ ਦਰਜ ਕੀਤੇ ਗਏ, ਜਦ ਕਿ 2021 ਵਿੱਚ ਸੱਤ ਫੀਸਦੀ ਵੱਧ ਕੁੱਲ 1,64,033 ਕੇਸ ਦਰਜ ਕੀਤੇ ਗਏ ਸਨ। ਇਸ ਵਿੱਚ ਕਿਹਾ ਗਿਆ ਹੈ ਕਿ ਖੁਦਕੁਸ਼ੀ ਦੀ ਦਰ ਵਿੱਚ 6.2 ਫੀਸਦੀ ਦਾ ਵਾਧਾ ਹੋਇਆ।

ਐਨ ਸੀ ਆਰ ਬੀ ਦੀ ਰਿਪੋਰਟ ਅਨੁਸਾਰ ਪਿਛਲੇ ਸਾਲ ਦੇਸ਼ ਵਿੱਚ ਮਹਾਰਾਸ਼ਟਰ ਵਿੱਚ ਖੁਦਕੁਸ਼ੀਦੇ ਸਭ ਤੋਂ ਵੱਧ 22,207 ਕੇਸ ਦਰਜ ਹੋਏ। ਇਸ ਪਿੱਛੋਂ ਤਾਮਿਲਨਾਡੂ ਵਿੱਚ 18,925, ਮੱਧ ਪ੍ਰਦੇਸ਼ ਵਿੱਚ 14,965, ਪੱਛਮੀ ਬੰਗਾਲ ਵਿੱਚ 13,500 ਅਤੇ ਕਰਨਾਟਕ ਵਿੱਚ 13,056 ਕੇਸ ਦਰਜ ਕੀਤੇ ਗਏ, ਜੋ ਖੁਦਕੁਸ਼ੀਦੇ ਕੁੱਲ ਕੇਸਾਂ ਦਾ ਕ੍ਰਮਵਾਰ 13.5 ਫੀਸਦੀ, 11.5 ਫੀਸਦੀ, 9.1 ਫੀਸਦੀ, 8.2 ਫੀਸਦੀ ਅਤੇ ਅੱਠ ਫੀਸਦੀ ਹੈ। ਦੇਸ਼ ਵਿੱਚ ਦਰਜ ਹੋਏਖੁਦਕੁਸ਼ੀਦੇ ਕੁੱਲ ਕੇਸਾਂ ਵਿੱਚੋਂ ਇਨ੍ਹਾਂ ਪੰਜ ਰਾਜਾਂ ਵਿੱਚ ਹੀ 50.4 ਫੀਸਦੀ ਕੇਸ ਦਰਜ ਹੋਏ। ਬਾਕੀ 49.6 ਫੀਸਦੀ ਕੇਸ 23 ਦੂਸਰੇ ਰਾਜਾਂ ਤੇ ਅੱਠ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵਾਪਰੇ। ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਸਭ ਤੋਂ ਵੱਧ 2840 ਕੇਸ ਦਿੱਲੀ ਵਿੱਚਦਰਜ ਕੀਤੇ ਗਏ। ਇਸ ਦੇ ਬਾਅਦ ਪੁੱਡੂਚੇਰੀ ਵਿੱਚ 504 ਕੇਸ ਹੋਏ। ਬੀਤੇ ਸਾਲ ਭਾਰਤ ਦੇ 53 ਵੱਡੇ ਸ਼ਹਿਰਾਂ ਵਿੱਚ ਖੁਦਕੁਸ਼ੀਦੇ ਕੁੱਲ 25891 ਕੇਸ ਦਰਜ ਹੋਏ। ਦੇਸ਼ ਵਿੱਚ 2021 ਵਿੱਚ ਹਰ ਇੱਕ ਲੱਖ ਦੀ ਆਬਾਦੀ ਉੱਤੇਖੁਦਕੁਸ਼ੀਦੇ ਕੇਸਾਂ ਦੀ ਰਾਸ਼ਟਰੀ ਦਰ 12 ਰਹੀ। ਅੰਡੇਮਾਨ ਅਤੇ ਨਿਕੋਬਾਰ ਵਿੱਚ ਖੁਦਕੁਸ਼ੀਦੀ ਵੱਧ ਤੋਂ ਵੱਧ ਦਰ (39.7) ਦਰਜ ਕੀਤੀ ਗਈ। ਇਸ ਦੇ ਬਾਅਦ ਸਿੱਕਮ (39.2), ਪੁੱਡੂਚੇਰੀ (31.8), ਤੇਲੰਗਾਨਾ (26.9) ਅਤੇ ਕੇਰਲ ਵਿੱਚ ਇਹ ਦਰ 26.9 ਦਰਜ ਕੀਤੀ ਗਈ।

## 'ਸੇਬੀ' ਕੋਲੋਂ ਮਨਜ਼ੂਰੀ ਲੈਣ ਬਾਰੇ ਐਨ ਡੀ ਟੀ ਵੀ ਦਾ ਦਾਅਵਾ ਅਡਾਨੀ ਗਰੁੱਪ ਨੇ ਨਕਾਰਿਆ



ਨਵੀਂ ਦਿੱਲੀ, 01 ਸਤੰਬਰ (ਪੋਸਟ ਬਿਊਰੋ)- ਅਡਾਨੀ ਗਰੁੱਪ ਨੇ ਕੱਲ੍ਹ ਐਨ ਡੀ ਟੀ ਵੀ ਦਾ ਇਹ ਦਾਅਵਾ ਰੱਦ ਕੀਤਾ ਹੈ ਜਿਸ ਵਿੱਚ ਮੀਡੀਆ ਗਰੁੱਪ ਨੇ ਕਿਹਾ ਸੀ ਕਿ 'ਆਰ ਆਰ ਪੀ ਆਰ' (ਰਾਧਿਕਾ ਰੌਏ ਅਤੇ ਪ੍ਰਣਯ ਰੌਏ) ਲਿਮਟਿਡ ਦੀ ਹਿੱਸੇਦਾਰੀ ਖ਼ਰੀਦਣ ਲਈ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਦੀ ਮਨਜ਼ੂਰੀ ਲੋੜੀਂਦੀ ਹੈ। ਉਨ੍ਹਾਂ ਕਿਹਾ ਕਿ ਪ੍ਰਮੋਟਰ ਇਕਾਈ ਰੈਗੂਲੇਟਰ ਦੇ ਉਸ ਹੁਕਮ ਦਾ ਹਿੱਸਾ ਨਹੀਂ, ਜਿਸ ਵਿੱਚ ਐਨ ਡੀ ਟੀ ਵੀ ਦੇ ਪ੍ਰਮੋਟਰਾਂ ਪ੍ਰਣਯ ਰੌਏ ਅਤੇ ਰਾਧਿਕਾ ਰੌਏ ਦੇ ਸਕਿਉਰਿਟੀ ਬਾਜ਼ਾਰ ਵਿੱਚ ਕਾਰੋਬਾਰ ਉਤੇ ਪਾਬੰਦੀ ਲਾਈ ਗਈ ਸੀ।

ਆਰ ਆਰ ਪੀ ਆਰ' ਵੱਲੋਂ ਕੀਤੇ ਇਤਰਾਜ਼ਾਂ ਨੂੰ 'ਬੇਬੁਨਿਆਦ, ਗ਼ੈਰ ਕਾਨੂੰਨੀ ਤੇ ਮਹੱਤਵਹੀਣ' ਕਰਾਰ ਦਿੰਦਿਆਂ, ਵਿਸ਼ਵਪ੍ਰਧਾਨ ਕਮਰਸ਼ੀਅਲ ਪ੍ਰਾਈਵੇਟ ਲਿਮਟਿਡ (ਵੀ ਸੀ ਪੀ ਐਲ) ਨੇ ਕਿਹਾ ਹੈ ਕਿ ਹੋਲਡਿੰਗ ਫਰਮ 'ਤੁਰੰਤ ਆਪਣੀ ਜ਼ਿੰਮੇਵਾਰੀ ਅਦਾ ਕਰਨ ਲਈ ਪਾਬੰਦ ਹੈ ਤੇ ਇਸ ਨੂੰ ਜਲਦੀ ਤੋਂ ਜਲਦੀ ਇਕੁਇਟੀ ਸ਼ੇਅਰ ਅਲਾਟ ਕਰਨੇ ਚਾਹੀਦੇ ਹਨ।' ਇੱਕ ਰੈਗੂਲੇਟਰੀ ਅਪਡੇਟਵਿੱਚ ਅਡਾਨੀ ਐਂਟਰਪ੍ਰਾਈਜ਼ਿਜ਼ ਲਿਮਟਿਡ ਨੇ ਕਿਹਾ ਹੈ ਕਿ ਵੀ ਸੀ ਪੀ ਐਲ, ਐਨ ਡੀ ਟੀ ਵੀਅਤੇ ਆਰ ਆਰ ਪੀ ਆਰ ਲਈ ਉਨ੍ਹਾਂ ਨੇ ਜਵਾਬ ਭੇਜ ਦਿੱਤਾ ਹੈ।

# ਇੰਸਪੀਰੇਸ਼ਨਲ ਸਟੈੱਪਸ-2022 ਹੋਈ ਸਫ਼ਲਤਾ ਪੂਰਵਕ ਸੰਪੰਨ



## 250 ਦੇ ਲਗਭਗ ਦੌੜਾਕਾਂ ਤੇ ਵਾਕਰਾਂ ਨੇ ਹਾਫ਼-ਮੈਰਾਥਨ, 12 ਕਿਲੋਮੀਟਰ ਤੇ 5 ਕਿਲੋਮੀਟਰ ਦੌੜ 'ਚ ਲਿਆ ਹਿੱਸਾ

## *ਟੀ.ਪੀ.ਏ.ਆਰ. ਕਲੱਬ ਦੇ 86 ਮੈਂਬਰ ਹੋਏ ਸ਼ਾਮਲ * ਛੋਟੇ ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵੀ ਹੋਈ





12 Km Winner


Half Marathon Winner


5 Km Winner


12 Km Winner

ਬਰੈਂਪਟਨ, (ਡਾ. ਝੰਡ) - ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ ਇੰਸਪੀਰੇਸ਼ਨਲ ਸਟੈੱਪਸ-2022 ਲੰਘੇ ਐਤਵਾਰ 28 ਅਗਸਤ ਨੂੰ ਡਿਕਸੀ ਗੁਰੂਘਰ ਦੇ ਸਾਹਮਣਿਉਂ ਆਰੰਭ ਹੋਈ ਅਤੇ ਇੱਥੇ ਹੀ ਇਸ ਦੀ ਸਮਾਪਤ ਹੋਈ। ਬਰੈਂਪਟਨ, ਮਿਸੀਸਾਗਾ, ਮਾਲਟਨ, ਕੈਲਾਡਨ, ਸਕਾਰਬਰੋ ਅਤੇ ਇਸ ਦੇ ਆਸ-ਪਾਸ ਦੇ ਸ਼ਹਿਰਾਂ ਤੋਂ ਇਸ ਵਿਚ 250 ਦੇ ਲੱਗਭੱਗ ਦੌੜਾਕ ਅਤੇ ਪੈਦਲ ਚੱਲਣ ਵਾਲੇ ਸ਼ਾਮਲ ਹੋਏ। ਬਰੈਂਪਟਨ ਵਿਚ ਪਿਛਲੇ 7-8 ਸਾਲ ਤੋਂ ਸਰਗਰਮ ਟੀ.ਪੀ.ਏ.ਆਰ. ਕਲੱਬ ਦੇ 86 ਮੈਂਬਰਾਂ ਨੇ ਇਸ ਵਿਚ ਭਾਗ ਲਿਆ। ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੀ ਉਹ ਦੂਰੋਂ ਹੀ ਸਾਰਿਆਂ ਦੀ ਖਿੱਚ ਦਾ ਸਬੱਬ ਬਣ ਰਹੇ ਸਨ।

ਇਸ 'ਇੰਸਪੀਰੇਸ਼ਨਲ ਸਟੈੱਪਸ-2022' ਦੀ ਇਹ ਵਿਸ਼ੇਸ਼ਤਾ ਰਹੀ ਕਿ ਇਸ ਵਾਰ ਇਹ ਉਨਟਾਰੀਓ ਖਾਲਸਾ ਦਰਬਾਰ ਡਿਕਸੀ ਗੁਰੂਘਰ ਦੇ ਸਾਹਮਣੇ ਵਾਲੀ ਪਾਰਕਿੰਗ ਤੋਂ ਸ਼ੁਰੂ ਕੀਤੀ ਗਈ ਅਤੇ ਇਸ ਦੀ ਸਮਾਪਤੀ ਵੀ ਇੱਥੇ ਹੀ ਹੋਈ। ਇਸ ਤੋਂ ਪਹਿਲਾਂ ਫ਼ੁੱਲ-ਮੈਰਾਥਨ, ਹਾਫ਼-ਮੈਰਾਥਨ, 12 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਵੱਖ-ਵੱਖ ਗੁਰ ਘਰਾਂ ਸਕਾਰਬਰੋ ਗੁਰੂਘਰ, ਰਾਮਗੜ੍ਹੀਆ ਸਿੱਖ ਗੁਰੂਘਰ, ਸਿੱਖ ਸਪਿਰਿਚੂਸਲ ਸੈਂਟਰ ਅਤੇ ਮਾਲਟਨ ਗੁਰੂਘਰ ਤੋਂ ਆਰੰਭ ਹੁੰਦੀਆਂ ਸਨ ਅਤੇ ਡਿਕਸੀ ਗੁਰੂਘਰ ਵਿਖੇ ਇਨ੍ਹਾਂ ਦੀ ਸਮਾਪਤੀ ਹੁੰਦੀ ਸੀ। ਪਰ ਇਸ ਵਾਰ ਫਿੰਚ ਰੋਡ 'ਤੇ ਉਸਾਰੀ ਅਤੇ ਮੁਰੰਮਤ ਦਾ ਕੰਮ ਚੱਲਦੇ ਹੋਣ ਕਾਰਨ ਪ੍ਰਬੰਧਕਾਂ ਵੱਲੋਂ ਇਹ ਨਵਾਂ ਤਜਰਬਾ ਕੀਤਾ ਗਿਆ। ਫ਼ੁੱਲ-ਮੈਰਾਥਨ ਇਸ ਵਾਰ ਨਹੀਂ ਕਰਵਾਈ ਗਈ ਅਤੇ ਬਾਕੀ ਦੌੜਾਂ ਦਾ ਰੂਟ ਸੜਕੀ ਰਸਤੇ ਦੀ ਬਜਾਏ ਬਹੁਤਾ ਈਟੋਬੌਕੋਕ ਟਰੇਲ ਵਾਲਾ ਹੀ ਰੱਖਿਆ ਗਿਆ। ਪੰਜ ਕਿਲੋਮੀਟਰ ਦੌੜਨ ਵਾਲਿਆਂ ਤੇ ਵੱਕਰਾਂ ਨੂੰ ਟਰੇਲ ਦੇ ਉੱਤਰ ਵਾਲੇ ਪਾਸੇ ਅਤੇ ਹਾਫ਼ ਮੈਰਾਥਨ ਤੇ 12 ਕਿਲੋਮੀਟਰ ਦੌੜਨ ਵਾਲਿਆਂ ਨੂੰ ਇਸ ਦੇ ਦੱਖਣ ਦਿਸ਼ਾ ਵੱਲ ਤੋਰਿਆ ਗਿਆ ਇਸ ਦੇ ਬਾਰੇ ਵਿਸਤ੍ਰਿਤ ਜਾਣਕਾਰੀ ਦੌੜਾਕਾਂ ਨੂੰ ਨਕਸ਼ੇ ਸਮੇਤ ਰੇਸ-ਕਿੱਟਾਂ ਰਾਹੀਂ ਪਹਿਲਾਂ ਹੀ ਪਹੁੰਚਾ ਦਿੱਤੀ ਗਈ ਅਤੇ ਇਹ ਅਖ਼ਬਾਰਾਂ, ਰੇਡੀਓ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਵੀ ਪ੍ਰਚਾਰੀ ਗਈ।

ਦੌੜ ਅਤੇ ਵੱਕਿੰਗ ਦੇ ਇਸ ਮਹਾਨ ਈਵੈਂਟ ਵਿਚ ਜਿੱਥੇ ਨੌਜੁਆਨਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ, ਉੱਥੇ ਸੀਨੀਅਰ ਸਿਟੀਜ਼ਨ ਅਤੇ ਬੱਚਿਆਂ ਨੇ ਵੀ ਇਸ ਦੇ ਲਈ ਪੂਰਾ ਜੋਸ਼ ਅਤੇ ਉਤਸ਼ਾਹ ਵਿਖਾਇਆ। ਪ੍ਰਬੰਧਕੀ ਟੀਮ ਦੇ ਕੋਲ ਬਾਕਾਇਦਾ ਰਜਿਸਟਰ ਹੋਏ ਦੌੜਾਕਾਂ ਤੇ ਵੱਕਰਾਂ ਵਿਚ 79 ਸਾਲ ਦੇ ਹਰਚੰਦ ਸਿੰਘ ਬਾਸੀ, ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ 75 ਸਾਲਾ ਪ੍ਰਧਾਨ ਜੰਗੀਰ ਸਿੰਘ ਸੈਂਹਬੀ, 72 ਸਾਲ ਦੇ ਹਜ਼ੂਰਾ ਸਿੰਘ ਬਰਾੜ ਤੇ ਏਸੇ ਹੀ ਉਮਰ ਦੇ ਇਨ੍ਹਾਂ ਸਤਰਾਂ ਦੇ ਲੇਖਕ ਡਾ. ਸੁਖਦੇਵ ਸਿੰਘ ਝੰਡ ਅਤੇ ਹੋਰ ਵੀ ਕਈ ਸ਼ਾਮਲ ਸਨ। ਉਂਜ, ਪੰਜ ਕਿਲੋਮੀਟਰ ਦੌੜਨ ਵਾਲਿਆਂ ਵਿਚ ਇਕ 81 ਸਾਲ ਦੇ ਇਕ ਬਜ਼ੁਰਗ ਗੁਰਦੇਵ ਸਿੰਘ ਤੱਖੜ ਵੀ ਸ਼ਾਮਲ ਸਨ ਜਿਨ੍ਹਾਂ ਦੇ ਨਾਲ ਇਸ ਪੱਤਰਕਾਰ ਨੇ ਵਾਪਸੀ ਸਮੇਂ ਰਸਤੇ ਵਿਚ ਗੱਲਬਾਤ ਵੀ ਕੀਤੀ। ਉਨ੍ਹਾਂ ਦਾ ਨਾਂ ਉਨ੍ਹਾਂ ਦੇ ਬਿੱਬ ਨੰਬਰ 264 ਉੱਪਰ ਕਿਸੇ ਹੋਰ ਨਾਂ ਨੂੰ ਕੱਟ ਕੇ ਹੱਥ ਨਾਲ ਹੀ ਲਿਖਿਆ ਹੋਇਆ ਸੀ ਅਤੇ ਨਾਂ ਦੀ ਇਹ ਤਬਦੀਲੀ ਪ੍ਰਬੰਧਕਾਂ ਦੇ ਰਿਕ-ਾਰਡ ਵਿਚ ਸ਼ਾਮਲ ਨਹੀਂ ਸੀ। ਇਸ ਤਰ੍ਹਾਂ ਉਹ ਇਸ ਈਵੈਂਟ ਦੇ ਸੱਭ ਤੋਂ ਲੰਮੀ ਉਮਰ ਦੇ ਬਜ਼ੁਰਗ ਗਿਣੇ ਜਾਣ ਤੋਂ ਵਾਂਝੇ ਰਹਿ ਗਏ। ਬਰੈਂਪਟਨ ਨਾਰਥ ਦੀ ਮੈਂਬਰ ਪਾਰਲੀਮੈਂਟ ਰੂਬੀ ਸਹੋਤਾ ਅਤੇ ਸਾਬਕਾ ਫ਼ੈੱਡਰਲ ਮੰਤਰੀ ਨਵਦੀਪ ਬੈਂਸ ਨੇ ਇਸ ਈਵੈਂਟ ਵਿਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਛੋਟੇ ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵੀ ਕਰਵਾਈ ਗਈ ਜਿਸ ਵਿਚ ਬਹੁਤ ਸਾਰੇ ਬੱਚਿਆਂ ਨੇ ਭਾਗ ਲਿਆ। ਇਸ ਦੇ ਲਈ ਉਨ੍ਹਾਂ ਦੇ ਮਾਪੇ ਵਧਾਈ ਦੇ ਹੱਕਦਾਰ ਹਨ।

ਇਸ ਮਾਣਮੱਤੇ ਈਵੈਂਟ 'ਇੰਸਪੀਰੇਸ਼ਨਲ ਸਟੈੱਪਸ-2022' ਵਿਚ ਹਾਫ਼-ਮੈਰਾਥਨ ਵਿਚ ਪੁਰਸ਼ਾਂ ਵਿਚ ਬਹਾਦਰ ਸ਼ੌਕਰ ਇਕ ਘੰਟਾ 36 ਮਿੰਟ 19 ਸਕਿੰਟ ਅਤੇ ਇਸਤਰੀਆਂ ਵਿਚ ਮਨੀਸ਼ਾ ਔਜਲਾ ਨੇ ਦੋ ਘੰਟੇ 51 ਮਿੰਟ 53 ਸਕਿੰਟਾਂ ਨਾਲ ਸੱਭ ਤੋਂ ਤੇਜ਼ ਦੌੜਾਕ ਵਜੋਂ ਮੈਡਲ ਪ੍ਰਾਪਤ ਕੀਤੇ। ਏਸੇ ਤਰ੍ਹਾਂ 12 ਕਿਲੋਮੀਟਰ ਦੌੜ ਵਿਚ ਪੁਰਸ਼ਾਂ ਵਿਚ ਜੈਵੀਰ ਸੰਧਰ 50 ਮਿੰਟ ਤੇ 33 ਸਕਿੰਟ ਅਤੇ ਇਸਤਰੀਆਂ ਵਿਚ ਜਸਵਿੰਦਰ ਮੱਲ੍ਹੀ ਨੇ ਇਕ ਘੰਟਾ, 11 ਮਿੰਟ, 48 ਸਕਿੰਟ ਵਿਚ ਇਹ ਦੌੜ ਪੂਰੀ ਕਰਕੇ ਮੈਡਲ ਲਏ, ਅਤੇ 5 ਕਿਲੋਮੀਟਰ ਦੌੜ ਵਿਚ ਪੁਰਸ਼ਾਂ ਵਿਚ ਕਰਮਵੀਰ ਸਹੋਤਾ ਨੇ 20 ਮਿੰਟ 40 ਸਕਿੰਟ ਤੇ ਇਸਤਰੀਆਂ ਵਿਚ ਗੁਰਸਿਮਰਨ ਗਿੱਲ ਨੇ ਇਹ ਦੌੜ 25 ਮਿੰਟ 24 ਸਕਿੰਟ ਵਿਚ ਦੌੜ ਕੇ ਜੇਤੂ ਮੈਡਲ ਪ੍ਰਾਪਤ ਕੀਤੇ। ਬੱਚਿਆਂ ਦੀ ਇਕ ਕਿਲੋਮੀਟਰ ਦੌੜ ਵਿਚ ਇਕ ਸਾਲ ਦੀ ਬਾਨੀ ਕਾਹਲੋਂ ਸੱਭ ਤੋਂ ਛੋਟੀ ਦੌੜਾਕ ਸੀ। ਦੌੜਾਕਾਂ ਤੇ ਵੱਕਰਾਂ ਦੀ ਸਹੂਲਤ ਲਈ ਪ੍ਰਬੰਧਕਾਂ ਵੱਲੋਂ ਰਸਤੇ ਵਿਚ ਵੱਖ-ਵੱਖ ਥਾਵਾਂ 'ਤੇ ਵਾਟਰ-ਸਟੇਸ਼ਨਾਂ 'ਤੇ ਪਾਣੀ ਦਾ ਵਧੀਆ ਪ੍ਰਬੰਧ ਕੀਤਾ ਗਿਆ। ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸਨ ਸੰਧੂਰਾ ਸਿੰਘ ਬਰਾੜ, ਪ੍ਰਧਾਨ ਹਰਭਜਨ ਸਿੰਘ ਗਿੱਲ, ਸਕੱਤਰ ਡਾ. ਜੈਪਾਲ ਸਿੱਧੂ ਅਤੇ ਸਮੂਹ ਮੈਂਬਰਾਂ ਵੱਲੋਂ ਡਿਕਸੀ ਗੁਰੂਘਰ ਦੀ ਮੈਨੇਜਮੈਂਟ ਅਤੇ ਜੀ.ਟੀ.ਏ.ਏ. ਏਅਰ ਫਲਾਈਟ ਦੇ ਪ੍ਰਬੰਧਕਾਂ ਨੂੰ ਪਲੇਕਸ ਦੇ ਨਾਲ ਸਨਮਾਨਿਤ ਕੀਤਾ ਗਿਆ। ਬਰੈਂਪਟਨ ਦੇ ਵਸਨੀਕ ਪੰਜਾਬੀ ਕਮਿਊਨਿਟੀ ਦੇ ਉੱਘੇ ਬੱਕਸਰ ਸੰਦੀਪ ਚੱਕਰੀਆ ਨੂੰ ਇਸ ਮੌਕੇ 'ਸੋਮਲ ਵਾਚ ਕੰਪਨੀ' ਦੇ ਸੁੱਚਾ ਸਿੰਘ ਸੋਮਲ ਵੱਲੋਂ ਇਕ ਸ਼ਾਨਦਾਰ ਗੁੱਟ-ਘੜੀ ਨਾਲ ਸਨਮਾਨਿਤ ਕੀਤਾ ਗਿਆ। ਇੰਸਪੀਰੇਸ਼ਨਲ ਸਟੈੱਪਸ -2022 ਵਿਚ ਹਿੱਸਾ ਲੈਣ ਵਾਲੇ ਦੌੜਾਕਾਂ, ਵੱਕਰਾਂ ਅਤੇ ਅਤੇ ਉਨ੍ਹਾਂ ਦੇ ਸਮੱਰਥਕਾਂ ਦੇ ਚਾਹ-ਪਾਣੀ, ਸਨੈਕਸ ਅਤੇ ਭੋਜਨ ਆਦਿ ਦਾ ਬਹੁਤ ਵਧੀਆ ਪ੍ਰਬੰਧ ਡਿਕਸੀ ਗੁਰੂਘਰ ਦੀ ਮੈਨੇਜਮੈਂਟ ਵੱਲੋਂ ਕੀਤਾ ਗਿਆ। ਇਸ ਈਵੈਂਟ ਬਾਰੇ ਵਧੇਰੇ ਜਾਣਕਾਰੀ mail@ggscf.com 'ਤੇ ਜਾ ਕੇ ਜਾਂ 416-564-3939 'ਤੇ ਫ਼ੋਨ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਨਾਨਕਸਰ ਬਰੈਂਪਟਨ ਵਲੋਂ ਬਾਬਾ ਨੰਦ ਸਿੰਘ ਜੀ ਦੀ ਬਰਸੀ ਸ਼ਰਦਾ ਨਾਲ ਮਨਾਈ





ਬਰੈਂਪਟਨ ਅਗਸਤ 29, 2020 (ਸੁਰਜੀਤ ਸਿੰਘ ਫਲੋਰਾ) ਧੰਨ ਧੰਨ ਬਾਬਾ ਨੰਦ ਸਿੰਘ ਕਲੇਰਾਂ ਵਾਲਿਆਂ ਦੀ ਸਲਾਨਾਂ ਬਰਸੀ ਬਹੁਤ ਹੀ ਸ਼ਰਧਾਂ, ਪਿਆਰ ਅਤੇ ਸਤਿਕਾਰ ਨਾਲ ਬਰੈਂਪਟਨ ਦੇ ਗੁਰਦੁਆਰੇ ਨਾਨਕਸਰ ਟਿੰਮਬਰਲੇਨ ਤੇ ਸਥਿਤ ਵਿਖੇ ਮਨਾਈ ਗਈ। ਜੋ ਬਾਬਾ ਗੁਰਦੇਵ ਸਿੰਘ ਜੀ ਦਾ ਸਥਾਨ ਹੈ।

ਜਿਥੇ ਤਿੰਨ ਦਿਨਾਂ ਤੋ ਸੰਪਟ ਪਾਠਾਂ ਦੇ ਭੋਗ ਉਪਰੰਤ ਜਿਥੇ ਰਾਗੀ ਸਿੰਘਾਂ ਵਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਨਿਹਾਲ ਕੀਤਾ ਉਥੇ ਬਾਬਾ ਜੀ ਦੇ ਜੀਵਨ ਤੇ ਭਾਈ ਸੇਵਾ ਸਿੰਘ ਹੋਰਾ ਵਲੋਂ ਚਾਨਣਾ ਪਾਇਆ ਗਿਆ ਤੇ ਇਸ ਦੇ ਨਾਲ ਹੀ ਗੁਰਦੁਆਰੇ ਦੇ ਰਾਗੀ ਸਿੰਘ ਵਲੋਂ ਤੇ ਕਥਾਵਾਚਕਾਂ ਵਲੋਂ ਵੀ ਕੀਤਰਨ ਅਤੇ ਕਥਾ ਨਾਲ ਬਾਬਾ ਜੀ ਦੇ ਜੀਵਨ ਵਾਰੇ ਅਤੇ ਉਸ ਤੋਂ ਉਹਨਾਂ ਤੋਂ ਪ੍ਰਾਪਤੀਆਂ ਵਾਰੇ ਵਚਨ ਸਾਂਝੇ ਕੀਤੇ।

ਬਾਬਾ ਜੀ ਦੇ ਪਿਛੋਕੜ ਵੱਲ ਝਾਂਤ ਮਾਰੀਏ ਤਾਂ , ਬਾਬਾ ਨੰਦ ਸਿੰਘ ਜੀ ਦਾ ਅਤੇ ਨਾਨਕਸਰ ਗੁਰੂਘਰ ਦਾ ਇਤਿਹਾਸ ਕੋਈ ਅੱਜ ਤੋਂ 100 ਸਾਲ ਪੁਰਣਾ ਹੈ। ਗੁਰ-ਦੁਆਰਾ ਸ੍ਰੀ ਨਾਨਕਸਰ ਕਲੇਰਾਂ ਜਗਰਾਉ ਤੋਂ ਫਿਰੋਜ਼ਪੁਰ ਨੂੰ ਜਾਂਦੀ ਸੜਕ ਉਪਰ ਪੈਂਦੇ ਕਸਬੇ ਜਗਰਾਉ ਤੋਂ ਕੋਈ ਤਿੰਨ ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ। ਜਿਸ ਨੂੰ ਸਿੱਖ ਜਗਤ ਦੇ ਮਹਾਨ ਅਤੇ ਪੂਰਨ ਬ੍ਰਹਮ ਗਿਆਨੀ ਬਾਬਾ ਨੰਦ ਸਿੰਘ ਜੀ ਦੀ ਛੂਹ ਪ੍ਰਾਪਤ ਹੈ। ਬਾਬਾ ਜੀ ਨਾਮ ਸਿਮਰਨ ਦੀ ਪ੍ਰਤਖ ਸਾਬਿਤ ਸੂਰਤ ਮੂਰਤ ਸਨ। ਆਪ ਜੀ ਨੇ ਲੱਖਾ ਹੀ ਪ੍ਰਾਣੀਆਂ ਨੂੰ ਪ੍ਰੇਰਣਾ ਦੇ ਕੇ ਸਾਹਿਬ ਸ੍ਰੀ ਗੁਰੂ ਗ੍ਰੰਥ



ਸਾਹਿਬ ਜੀ ਦੇ ਲੜ ਲਾਇਆ । ਸਨ 1943 ਵਿਚ ਬਾਬਾ ਜੀ ਦੇ ਚੋਲਾ ਬਦਲਣ ਉਪਰੰਤ ਬਾਬਾ ਈਸ਼ਰ ਸਿੰਘ ਜੀ ਨੇ 1963 ਇਸ ਸਥਾਨ ਦੀਆਂ ਰੂਹਾਨੀ ਪ੍ਰਮਪ੍ਰਾਵਾਂ ਨੂੰ ਅੱਗੇ ਤੋਰਿਆਂ।

ਅੱਜ ਉਹਨਾਂ ਤੋਂ ਹੀ ਵਰਸਾਏ ਹੋਏ ਬਾਬਾ ਗੁਰਦੇਵ ਸਿੰਘ ਜੀ ਦੇ ਸਥਾਨ ਬਰੈਂਪਟਨ ਨਾਨਕਸਰ ਗੁਰੂਘਰ ਵਿਖੇ ਬਾਬਾ ਜੀ ਦੀ ਸਲਾਨਾਂ ਬਰਸੀ ਤੇ ਸੰਗਤਾਂ ਵਲੋਂ ਗੁਰੂਘਰ ਪਹੁੰਚ ਕੇ ਉਹਨਾਂ ਨੂੰ ਯਾਦ ਕੀਤਾ ਗਿਆ। ਉਹਨਾਂ ਦੇ ਵਚਨਾਂ ਨੂੰ ਤਾਜ਼ਾ ਕੀਤਾ। ਉਹਨਾਂ ਦੇ ਵਚਨਾਂ ਤੇ ਚੱਲਣ ਤੇ ਧੁਰ ਕੀ ਬਾਣੀ ਨਾਲ ਜੁੜਨ ਦਾ ਪ੍ਰਣ ਕੀਤਾ। ਆਖਿਰ ਗੁਰੁ ਘਰ ਦੇ ਪ੍ਰਬੰਦਕਾਂ ਵਲੋਂ ਸਭ ਆਇਆਂ ਸੰਗਤ ਦਾ ਧੰਨਵਾਦ ਕੀਤਾ ਗਿਆ।

# ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 11 ਸਤੰਬਰ ਨੂੰ

## *ਮੀਟਿੰਗ ਵਿਚ ਹੋਵੇਗੀ ਅਹੁਦੇਦਾਰਾਂ ਤੇ ਕਾਰਜਕਾਰਨੀ ਦੀ ਚੋਣ * ਐਸੋਸੀਏਸ਼ਨ ਦੇ ਜਨਰਲ ਸਕੱਤਰ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਕੀਤੀ ਮੁਲਾਕਾਤ





ਬਰੈਂਪਟਨ, (ਡਾ. ਝੰਡ) -ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਵੈੱਲਫ਼ੇਅਰ ਐਸੋਸੀਏਸ਼ਨ ਕੈਨੇਡਾ ਦੀ 24 ਅਗੱਸਤ ਨੂੰ ਹੋਈ ਕਾਰਜਕਾਰਨੀ ਦੀ ਮੀਟਿੰਗ ਵਿਚ ਲਏ ਗਏ ਫ਼ੈਸਲੇ ਅਨੁਸਾਰ ਐਸੋਸੀਏਸ਼ਨ ਦੀ ਸਲਾਨਾ ਜਨਰਲ ਮੀਟਿੰਗ 11 ਸਤੰਬਰ 2022 ਦਿਨ ਐਤਵਾਰ ਨੂੰ ਗੋਰਮੀਡੋ ਕਮਿਊਨਿਟੀ ਸੈਂਟਰ ਬਰੈਂਪਟਨ ਦੇ ਕਮਰਾ ਨੰਬਰ 2 ਵਿਚ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 2.00 ਵਜੇ ਤੱਕ ਹੋਵੇਗੀ। ਐਸੋਸੀਏਸ਼ਨ ਵੱਲੋਂ ਜੂਨ ਮਹੀਨੇ ਪੰਜਾਬ ਦੇ ਮੁੱਖ-ਮੰਤਰੀ ਅਤੇ ਵਿੱਤ-ਮੰਤਰੀ ਨੂੰ ਪੈੱਨਸ਼ਨਰਾਂ ਦੀਆਂ ਮੰਗਾਂ ਸਬੰਧੀ ਪੱਤਰ ਦਸਤੀ ਭੇਜਿਆ ਗਿਆ ਸੀ। ਇਸ ਤੋਂ ਬਿਨਾਂ 28 ਅਗੱਸਤ ਨੂੰ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨਾਲ ਵੀ ਟੋਰਾਂਟੋ ਵਿਖੇ ਹੋਈ ਮੀਟਿੰਗ ਵਿਚ ਇਸ ਸਬੰਧੀ ਵਿਸਤ੍ਰਿਤ ਵੇਰਵਾ ਦਿੱਤਾ ਗਿਆ ਹੈ ਅਤੇ ਉਪਰੋਕਤ ਮੰਤਰੀਆਂ ਤੇ ਸਪੀਕਰ ਸੰਧਵਾਂ ਵੱਲੋਂ ਮਿਲੇ ਹੁੰਗਾਰੇ ਬਾਰੇ ਮੈਂਬਰਾਂ ਨਾਲ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ ਜਾਏਗੀ। ਇੱਥੇ ਕੇਵਲ ਏਨਾ ਹੀ ਦੱਸਣਾ ਵਾਜਬ ਹੋਵੇਗਾ ਕਿ ਇਨ੍ਹਾਂ ਸਾਰੀਆਂ ਮਾਣਯੋਗ ਸ਼ਖ਼ਸੀਅਤਾਂ ਵੱਲੋਂ ਇਸ ਸਬੰਧੀ ਹਾਂ-ਪੱਖੀ ਹੁੰਗਾਰਾ ਮਿਲਿਆ ਹੈ।

ਜਨਰਲ-ਬਾਡੀ ਮੀਟਿੰਗ ਵਿਚ ਐਸੋਸੀਏਸ਼ਨ ਦੇ ਸੰਵਿਧਾਨ ਅਨੁਸਾਰ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੀ ਅਗਲੇ ਸਾਲ ਲਈ ਚੋਣ ਕੀਤੀ ਜਾਏਗੀ। ਜ਼ਿਕਰਯੋਗ ਹੈ ਕਿ ਇਹ ਚੋਣ ਤਿੰਨ ਅਹੁਦੇਦਾਰਾਂ - ਚੇਅਰਮੈਨ, ਪ੍ਰਧਾਨ ਅਤੇ ਜਨਰਲ ਸਕੱਤਰ- ਦੀ ਮੈਂਬਰਾਂ ਦੀਆਂ ਸਿੱਧੀਆਂ ਵੋਟਾਂ ਨਾਲ ਹੋਵੇਗੀ ਅਤੇ ਇਹ ਚੁਣੇ ਹੋਏ ਤਿੰਨੇ ਅਹੁਦੇਦਾਰ ਕਾਰਜਕਾਰਨੀ ਦੇ ਬਾਕੀ ਅੱਠ ਮੈਂਬਰ ਨਾਮਜ਼ਦ ਕਰਨਗੇ। ਇਸ ਤਰ੍ਹਾਂ ਐਸੋਸੀਏਸ਼ਨ ਦੀ 11 ਮੈਂਬਰੀ ਕਾਰਜਕਾਰਨੀ ਕਮੇਟੀ ਮੁਕੰਮਲ ਹੋਵੇਗੀ। ਇਸ ਉਦੇਸ਼ ਲਈ ਚੋਣ ਅਧਿਕਾਰੀ ਨਾਮਜ਼ਦ ਕੀਤੇ ਜਾ ਚੁੱਕੇ ਹਨ ਜੋ ਲੋੜ ਪੈਣ 'ਤੇ ਹੋਰ ਸਾਥੀਆਂ ਦੀ ਸਹਾਇਤਾ ਨਾਲ ਸਾਰੀ ਚੋਣ-ਪ੍ਰਕਿਰਿਆ ਸਿਰੇ ਚਾੜ੍ਹਨਗੇ। ਕੋਵਿਡ-ਮਹਾਂਮਾਰੀ ਦੇ ਦੁਨੀਆਂ ਦੇ ਸਾਰੇ ਦੇਸ਼ਾਂ ਵਿਚ ਫ਼ੈਲਣ ਕਾਰਨ ਪਿਛਲੇ ਦੋ ਸਾਲ ਜਨਰਲ-ਬਾਡੀ ਦੀਆਂ ਮੀਟਿੰਗਾਂ ਨਹੀਂ ਹੋ ਸਕੀਆਂ। ਇਸ ਲਈ ਪੁਰਾਣੇ ਮੈਂਬਰਾਂ ਤੋਂ ਵੀ ਮੈਂਬਰਸ਼ਿਪ ਫ਼ੀਸ ਕੇਵਲ 10 ਡਾਲਰ ਹੀ ਲਈ ਜਾਏਗੀ। ਮੈਂਬਰਸ਼ਿਪ 11 ਸਤੰਬਰ ਨਵਿਆਈ ਜਾਏਗੀ ਅਤੇ ਨਵੀਂ ਮੈਂਬਰਸ਼ਿਪ ਵੀ ਏਸੇ ਤਰੀਕ ਤੱਕ ਕੀਤੀ ਜਾਏਗੀ। ਇਸ ਮੈਂਬਰਸ਼ਿਪ ਦੇ ਆਧਾਰ 'ਤੇ ਹੀ ਕਾਰਜਕਾਰਨੀ ਕਮੇਟੀ ਦੀ ਚੋਣ ਹੋਵੇਗੀ।

ਸਮੂਹ ਮੈਂਬਰਾਂ ਨੂੰ ਮੀਟਿੰਗ ਵਿਚ ਹੁੰਮ-ਹੁਮਾ ਕੇ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹ। ਗੋਰਮੀਡੋ ਕਮਿਊਨਿਟੀ ਸੈਂਟਰ ਨੂੰ ਜਾਣ ਲਈ ਬੱਸ ਨੰਬਰ 35 ਅਤੇ 50 ਦੀ ਸੇਵਾ ਪ੍ਰਾਪਤ ਕੀਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਪਰਮਜੀਤ ਸਿੰਘ ਬੜਿੰਗ (647-963-0331), ਜਗੀਰ ਸਿੰਘ ਕਾਹਲੋਂ (647-533-8297), ਡਾ. ਪਰਮਜੀਤ ਸਿੰਘ ਢਿੱਲੋਂ ((416-527-1040), ਮੱਲ ਸਿੰਘ ਬਾਸੀ (437-980-7015), ਬਲਦੇਵ ਸਿੰਘ ਬਰਾੜ (437-982-5202), ਤਾਰਾ ਸਿੰਘ ਗਰਚਾ (950-294-2235) ਹਰੀ ਸਿੰਘ (647-515-4752), ਮੋਹਿੰਦਰ ਸਿੰਘ ਮੋਹੀ (416-659-1235) ਅਤੇ ਪ੍ਰਿਤਪਾਲ ਸਿੰਘ ਸਚਦੇਵਾ (647-709-6115) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਆਓ ਭਾਰਤੀ ਰੁਪਏ ਦਾ ਇਤਿਹਾਸ ਜਾਣੀਏ



ਰਵਿੰਦਰਪਾਲ ਸਿੰਘ



ਭਾਰਤੀ ਰੁਪਏ ਦਾ ਇਤਿਹਾਸ ਬਹੁਤ ਪੁਰਾਣਾ ਹੈ। ਭਾਰਤੀ ਕਰੰਸੀ ਦੀਆਂ ਕਈ ਇਕਾਈਆਂ ਸਨ, ਜਿਨ੍ਹਾਂ ਬਾਰੇ ਸ਼ਾਇਦ ਤੁਹਾਨੂੰ ਪਤਾ ਵੀ ਨਾ ਹੋਵੇ। ਆਓ ਇਹਨਾਂ ਬਾਰੇ ਪਤਾ ਕਰੀਏ।

ਰੁਪਿਆ ਸ਼ਬਦ ਸਭ ਤੋਂ ਪਹਿਲਾਂ ਸ਼ੇਰ ਸ਼ਾਹ ਸੂਰੀ ਦੁਆਰਾ 1540 ਅਤੇ 1545 ਦੇ ਵਿਚਕਾਰ ਆਪਣੇ ਰਾਜ ਦੌਰਾਨ ਵਰਤਿਆ ਗਿਆ ਸੀ। ਉਸ ਨੇ ਜੋ ਰੁਪਏ ਦਾ ਸਿੱਕਾ ਵਰਤਿਆ, ਉਹ ਚਾਂਦੀ ਦਾ ਸੀ ਜਿਸਦਾ ਵਜ਼ਨ ਲਗਭਗ 11.543 ਗ੍ਰਾਮ ਸੀ। ਉਸ ਨੇ 'ਦਾਮ' ਕਹੇ ਜਾਣ ਵਾਲੇ ਤਾਂਬੇ ਦੇ ਸਿੱਕੇ ਅਤੇ 'ਮੋਹਰ' ਕਹੇ ਜਾਣ ਵਾਲੇ ਸੋਨੇ ਦੇ ਸਿੱਕੇ ਵੀ ਜਾਰੀ ਕੀਤੇ। ਪਰ ਅੱਜ ਅਸੀਂ ਜਿਸ ਰੁਪਏ ਦੀ ਵਰਤੋਂ ਕਰਦੇ ਹਾਂ, ਉਹ ਇੱਥੇ ਪਹੁੰਚਣ ਲਈ ਕਈ ਪੜਾਵਾਂ ਵਿੱਚੋਂ ਲੰਘਿਆ ਹੈ।

ਜਦੋਂ ਰੁਪਏ ਦਾ ਦਸ਼ਮਲਵੀਕਰਨ ਨਹੀਂ ਹੋਇਆ ਸੀ ਤਾਂ 11.66 ਗ੍ਰਾਮ ਵਜ਼ਨ ਵਾਲੇ ਰੁਪਏ ਦੇ ਸਿੱਕੇ ਨੂੰ 16 ਆਨੇ ਜਾਂ 64 ਪੈਸੇ ਜਾਂ ਫਿਰ 192 ਪਾਈ ਵਿੱਚ ਵੰਡਿਆ ਗਿਆ ਸੀ। 1957 ਵਿੱਚ ਰੁਪਏ ਦਾ ਦਸ਼ਮਲਵੀਕਰਨ ਕੀਤਾ ਗਿਆ ਅਤੇ ਇੱਕ ਰੁਪਿਆ 100 ਪੈਸੇ ਹੋ ਗਿਆ। ਰੁਪਏ ਦੇ ਪੂਰੇ ਇਤਿਹਾਸ ਨੂੰ ਜਾਣਨ ਤੋਂ ਪਹਿਲਾਂ, ਅਸੀਂ ਇਹ ਵੀ ਜਾਣ ਲੈਂਦੇ ਹਾਂ ਕਿ ਪ੍ਰਾਚੀਨ ਭਾਰਤ ਵਿੱਚ ਮੁਦਰਾ ਦਾ ਵਰਗੀਕਰਨ ਕਿਵੇਂ ਕੀਤਾ ਗਿਆ ਸੀ। ਅੱਜ ਇੱਕ ਰੁਪਏ ਦੀ ਕੀਮਤ ਜੋ ਸਾਡੇ ਲਈ ਅਣਗੌਲੀ ਹੈ, ਇੱਕ ਸਮੇਂ ਇੱਕ ਬਹੁਤ ਵੱਡੀ ਮੁਦਰਾ ਮੰਨੀ ਜਾਂਦੀ ਸੀ ਅਤੇ ਉਸ ਤੋਂ ਛੋਟੀਆਂ ਕਈ ਤਰ੍ਹਾਂ ਦੀਆਂ ਮੁਦਰਾਵਾਂ ਹੀ ਪ੍ਰਚਲਨ ਵਿੱਚ ਸਨ। ਕਈ ਵਾਰ, ਲੋਕ ਆਪਣੀ ਗਰੀਬੀ ਦਾ ਵਰਣਨ ਕਰਨ ਲਈ ਇਹ ਵਾਕੰਸ਼ ਵਰਤਦੇ ਹਨ ''ਸਾਡੇ ਕੋਲ ਇੱਕ ਫੁੱਟੀ ਕੌਡੀ ਵੀ ਨਹੀਂ ਹੈ,'' ਇਹ 'ਫੁੱਟੀ ਕੌਡੀ' ਵੀ ਇੱਕ ਮੁਦਰਾ ਹੀ ਹੁੰਦੀ ਸੀ ਅਤੇ ਇਸਨੂੰ ਪ੍ਰਾਚੀਨ ਭਾਰਤ ਵਿੱਚ ਸਭ ਤੋਂ ਛੋਟੀ ਮੁਦਰਾ ਵਜੋਂ ਜਾਣਿਆ ਜਾਂਦਾ ਸੀ।

ਤੁਸੀਂ ਫੁੱਟੀ ਕੌਡੀ ਤੋਂ ਰੁਪਏ ਤੱਕ ਦੇ ਵਰਗੀਕਰਨ ਨੂੰ ਇਸ ਤਰ੍ਹਾਂ ਸਮਝ ਸਕਦੇ ਹੋ - ਫੁੱਟੀ ਕੌਡੀ ਤੋਂ ਕੌਡੀ (3 ਫੁੱਟੀ ਕੌਡੀ = 1 ਕੌਡੀ), ਕੌਡੀ ਤੋਂ ਦਮੜੇ (10 ਕੌਡੀਆਂ = 1 ਦਮੜੀ), ਦਮੜੇ ਤੋਂ ਧੇਲਾ (2 ਦਮੜੇ = 1 ਧੇਲਾ), ਧੇਲੇ ਤੋਂ ਪਾਈ (1 ਧੇਲਾ = 1.5 ਪਾਈ), ਪਾਈ ਤੋਂ ਪੈਸਾ (3 ਪਾਈ = 1 ਪੈਸਾ(ਪੁਰਾਣਾ)), ਪੈਸਾ ਤੋਂ ਆਨਾ (4 ਪੈਸੇ = 1 ਆਨਾ), ਆਨੇ ਤੋਂ ਰੁਪਇਆ (16 ਆਨੇ = 1 ਰੁਪਇਆ)। ਇਸ ਤਰ੍ਹਾਂ ਰੁਪਏ ਦਾ ਜਨਮ ਹੋਇਆ।

ਇਹਨਾਂ ਮੁਦਰਾਵਾਂ ਦਾ ਆਪਸ ਵਿੱਚ ਕੀ ਸਬੰਧ ਹੈ ਆਓ ਇਹ ਵੀ ਸਮਝੀਏ: 265 ਦਮੜੇ = 192 ਪਾਈਆਂ, 192 ਪਾਈਆਂ = 128 ਧੇਲੇ, 128 ਧੇਲੇ = 64 ਪੈਸੇ(ਪੁਰਾਣੇ), 64 ਪੈਸੇ = 16 ਆਨੇ, 16 ਆਨੇ = 1 ਰੁਪਇਆ।

ਪੁਰਾਤਨ ਮੁਦਰਾ ਦੀਆਂ ਇਨ੍ਹਾਂ ਇਕਾਈਆਂ ਨੇ ਸਾਡੀ ਬੋਲੀ ਨੂੰ ਬਹੁਤ ਸਾਰੀਆਂ ਕਹਾਵਤਾਂ ਦਿੱਤੀਆਂ ਹਨ, ਜੋ ਅੱਜ ਵੀ ਪਹਿਲਾਂ ਵਾਂਗ ਹੀ ਪ੍ਰਚਲਿਤ ਹਨ। ਉਦਾਹਰਣ ਵਜੋਂ - ਮੈਂ ਇੱਕ 'ਫੁੱਟੀ ਕੌਡੀ' ਵੀ ਨਹੀਂ ਦੇਵਾਂਗਾ। ਸਾਡਾ ਪੁੱਤ 'ਧੇਲੇ' ਦਾ ਕੰਮ ਨਹੀਂ ਕਰਦਾ। 'ਪਾਈ-ਪਾਈ' ਦਾ ਹਿਸਾਬ ਕਰਨਾ। ਸੋਲ੍ਹਾਂ 'ਆਨੇ' ਸੱਚ।

ਸੋ ਇਹ ਸੀ ਫੁੱਟੀ ਕੌਡੀ ਤੋਂ ਰੁਪਏ ਤੱਕ ਦਾ ਸਫਰ ਅਤੇ ਇਸ ਤਰ੍ਹਾਂ ਹੋਇਆ ਸੀ ਅਜੋਕੇ ਰੁਪਏ ਦਾ ਜਨਮ।

ਰਵਿੰਦਰਪਾਲ ਸਿੰਘ
ਕੰਪਿਊਟਰ ਫੈਕਲਟੀ,
ਸਰਕਾਰੀ ਹਾਈ ਸਕੂਲ, ਕਮਾਲਪੁਰ (ਸੰਗਰੂਰ)
9815292572

# ਮੇਅ ਫੀਲਡ ਕਲੱਬ ਵੱਲੋਂ ਕੈਨੇਡਾ ਦਿਵਸ ਅਤੇ ਅਜ਼ਾਦੀ ਦਿਨ ਮਨਾਇਆ





(ਬਰੈਂਪਟਨ/ਬਾਸੀ ਹਰਚੰਦ) ਪਿਛਲੇ ਦਿਨੀਂ ਮੇਅ ਫੀਲਡ ਸੀਨੀਅਰਜ਼ ਕਲੱਬ ਨੇ ਕਨੇਡਾ ਡੇ ਅਤੇ ਭਾਰਤ ਦਾ ਅਜ਼ਾਦੀ ਦਿਵਸ ਦੋਹਾਂ ਦੇਸਾਂ ਦੇ ਝੰਡੇ ਝੁਲਾ ਕੇ ਬੜੀ ਸ਼ਰਧਾ ਨਾਲ ਮਨਾਇਆ। ਦਰਜਨਾਂ ਲੋਕਾਂ ਨੇ ਇਸ ਜਸ਼ਨ ਵਿੱਚ ਸ਼ਮੂਲੀਅਤ ਕੀਤੀ। ਹੌਲੀ ਹੌਲੀ ਪਾਰਕ ਵਿੱਚ ਖੂਬ ਰੌਣਕਾਂ ਲੱਗੀਆਂ। ਇਸ ਤੋਂ ਉਪਰੰਤ ਸੀਨੀਅਰਜ਼ ਦੇ ਮਨੋਰੰਜਨ ਲਈ ਤਾਸਲ (ਸਵੀਪ) ਦੇ ਮੁਕਾਬਲੇ ਕਰਵਾਏ ਗਏ । ਜੋ ਲੱਗ ਪੱਗ ਸਾਢੇ ਚਾਰ ਕੁ ਵਜੇ ਤੱਕ ਚੱਲੇ। ਪਹਿਲੇ ਦੂਜੇ ਅਤੇ ਤੀਜੇ ਦਰਜੇ ਦੇ ਆਉਣ ਵਾਲੇ ਖਿਡਾਰੀਆਂ ਨੂੰ ਸਿਟੀ ਮੇਅਰ ਪੈਟਰਿਕ ਬਰਾਊਨ ਨੇ ਇਨਾਮ ਵੰਡੇ। ਸ਼ਾਮ ਨੂੰ ਬੀਬੀਆਂ ਨੇ ਗਿੱਧਾ ਪਾ ਕੇ ਤੀਆਂ ਦਾ ਤਿਉਹਾਰ ਮਨਾਇਆ। ਗਾਇਕ ਰੁਪਿੰਦਰ ਰਿੰਪੀ ਨੇ ਬੋਲੀਆਂ ਪਾਕੇ ਰੰਗ ਬੰਨ੍ਹਿਆ। ਖਾਣ ਪੀਣ ਸਾਰਾ ਦਿਨ ਚੱਲਦਾ ਰਿਹਾ। ਕਲੱਬ ਦੇ ਸਮੁਚੇ ਮੈਂਬਰਾਂ ਨੇ ਇਸ ਦੀ ਸਫਲਤਾ ਲਈ ਕੰਮ ਕੀਤਾ। ਇਸ ਵਿੱਚ ਸੁਭਾਸ਼ ਖੁਰਮੀ ਦਾ ਨਾਂ ਵਰਨਣ ਯੋਗ ਹੈ।

# ਸਹਾਰਾ ਲੱਭਦੀ ਜ਼ਿੰਦਗੀ



ਐਡਵੋਕੇਟ ਗਗਨਦੀਪ ਸਿੰਘ ਗੁਰਾਇਆ

ਜ਼ਿੰਦਗੀ ਵਿੱਚ ਕਈ ਉਤਰਾਅ ਚੜ੍ਹਾਅ ਆਉਂਦੇ ਹਨ । ਜਾਣੇ ਅਣਜਾਣੇ ਵਿੱਚ ਕੀਤੀਆਂ ਗਲਤੀਆਂ ਦਾ ਖਮਿਆਜ਼ਾ ਸਾਨੂੰ ਭੁਗਤਣਾ ਪੈਂਦਾ ਹੈ। ਕਈ ਵਾਰ ਕਿਸਮਤ ਹੀ ਅਜਿਹੀ ਮਾਰ ਮਾਰਦੀ ਹੈ ਕਿ ਇਨਸਾਨ ਘੜੀ ਦਾ ਖੁੰਝਿਆ ਕੋਹਾਂ 'ਤੇ ਜਾ ਪੈਂਦਾ ਹੈ। "ਜਿਉਂ ਜਿਉਂ ਭਿਜੇ ਕੰਬਲੀ ਤਿਉਂ ਤੋਂ ਬੋਝਲ ਹੋਏ" ਦੀ ਕਹਾਵਤ ਅਨੁਸਾਰ ਉਮਰ ਦੇ ਬੀਤਣ ਨਾਲ ਤੇ ਸਮਾਜ ਵਿੱਚ ਧੱਕੇ ਖਾਣ ਨਾਲ ਸਮਝ ਮਜ਼ਬੂਤ ਹੁੰਦੀ ਜਾਂਦੀ ਹੈ। ਬਾਲ ਵਰੇਸ ਵਿਚ ਕੋਈ ਸਮਝ ਨਹੀਂ ਹੁੰਦੀ, ਪਰ ਮਜਬੂਰੀ ਵਿੱਚ ਕੀਤੇ ਗ਼ਲਤ ਫ਼ੈਸਲੇ ਸਾਡਾ ਭਵਿੱਖ ਧੁੰਦਲਾ ਕਰ ਦਿੰਦੇ ਹਨ।

ਬਾਲ ਭਲਾਈ ਕਮੇਟੀ ਵਿੱਚ ਵਿਚਰਦਿਆਂ ਪਿਛਲੇ ਦਿਨੀਂ ਇਕ ਵਾਕਿਆਤ ਦਾ ਸਾਹਮਣਾ ਕਰਨਾ ਪਿਆ। ਕੇਸ ਦਾ ਫ਼ੈਸਲਾ ਕਰਨ ਲੱਗਿਆਂ ਮੇਰੇ ਦਿਲ ਅਤੇ ਦਿਮਾਗ ਵਿੱਚ ਅਜਿਹੀ ਜੰਗ ਚੱਲੀ ਕਿ ਮਾਂ ਦੀ ਮਮਤਾ ਅਤੇ ਬਾਲਾਂ ਦੀ ਪਰਵਰਿਸ਼ ਵਿਚੋਂ ਕਿਸੇ ਇਕ ਨੂੰ ਚੁਣਨ ਲਈ ਸੋਚਾਂ ਦੇ ਡੂੰਘੇ ਵਹਿਣ ਵਿੱਚ ਵਹਿੰਦਾ ਗਿਆ।

ਇੱਕ ਬਾਈ ਕੁ ਸਾਲਾਂ ਦੀ ਮੁਟਿਆਰ ਦਫ਼ਤਰ ਵਿੱਚ ਮੇਰੇ ਸਾਹਮਣੇ ਬੈਠੀ ਸੀ। ਵੇਖਣ ਨੂੰ ਠੀਕ ਠਾਕ ਅਤੇ ਖੂਬਸੂਰਤ। ਪਹਿਲੀ ਨਜ਼ਰੇ ਉਸ ਵੱਲ ਤੱਕਣ ਤੇ ਉਸ ਦੇ ਦੁੱਖ ਦਾ ਕੋਈ ਅੰਦਾਜ਼ਾ ਨਹੀਂ ਲੱਗਦਾ ਸੀ। ਉਸ ਨੇ ਦਰਖਾਸਤ ਦਿੱਤੀ ਕਿ ਉਹ ਅਨਾਥ ਅਤੇ ਇਕੱਲੀ ਸੀ। ਉਸ ਨੂੰ ਕਿਸੇ ਦੂਰ ਦੇ ਰਿਸ਼ਤੇਦਾਰ ਨੇ ਪਾਲਿਆ ਅਤੇ ਪੰਦਰਾਂ ਸਾਲਾਂ ਦੀ ਨਾਬਾਲਗ ਉਮਰੇ ਉਸ ਦਾ ਵਿਆਹ ਕਰ ਦਿੱਤਾ। ਉਸ ਉੱਤੇ ਦੁੱਖਾਂ ਦਾ ਪਹਾੜ ਉਦੋਂ ਟੁੱਟਿਆ ਜਦੋਂ ਉਸ ਨੂੰ ਪਤਾ ਲੱਗਾ ਕਿ ਉਸਦਾ ਪਤੀ ਨਾਮੁਰਾਦ ਬਿਮਾਰੀ ਏਡਜ਼ ਨਾਲ ਗ੍ਰਸਤ ਹੈ, ਜਿਸ ਤੋਂ ਲਾਗ ਨਾਲ ਉਸ ਨੂੰ ਵੀ ਇਹ ਭੈੜੀ ਬਿਮਾਰੀ ਲੱਗ ਗਈ। ਉਨ੍ਹਾਂ ਦੇ ਘਰ ਦੋ ਬੱਚੇ ਧੀ ਅਤੇ ਪੁੱਤਰ ਨੇ ਜਨਮ ਲਿਆ। ਰੱਬ ਦੀ ਸਵੱਲੀ ਨਜ਼ਰ ਨਾਲ ਦੋਵੇਂ ਬੱਚੇ ਐਚ ਆਈ ਵੀ ਨੈਗੇਟਿਵ ਨਿਕਲੇ। ਮਾਂ ਪਿਓ ਨੂੰ ਇਹ ਬਿਮਾਰੀ ਹੁੰਦੇ ਹੋਏ ਵੀ ਉਨ੍ਹਾਂ ਦਾ ਇਸ ਬਿਮਾਰੀ ਤੋਂ ਬਚਾਅ ਰਿਹਾ। ਮੀਆਂ ਬੀਵੀ ਦੋਵੇਂ ਇੱਕ ਦੂਜੇ ਤੋਂ ਬਿਮਾਰੀ ਦੀ ਲਾਗ ਲੱਗਣ ਦੀਆਂ ਤੋਹਮਤਾਂ ਦਿੰਦੇ ਰਹੇ। ਇਸ ਤਰ੍ਹਾਂ ਉਸ ਲੜਕੀ ਦਾ ਆਪਣੇ ਪਤੀ ਤੋਂ ਮੋਹ ਭੰਗ ਹੋ ਗਿਆ। ਜਿਵੇਂ ਕਿ ਅਕਸਰ ਵੇਖਿਆ ਗਿਆ ਹੈ ਕਿ ਸਾਡੇ ਸਮਾਜ ਵਿੱਚ ਔਰਤ ਨੂੰ ਸਹਾਰੇ ਦੀ ਲੋੜ ਹੁੰਦੀ ਹੈ ਤੇ ਓਹ ਸਹਾਰਾ ਭਾਲਦੀ ਕਈ ਵਾਰੀ ਜ਼ੰਦਿਗੀ ਦੇ ਗਲਤ ਫ਼ੈਸਲੇ ਵੀ ਕਰ ਲੈਂਦੀ ਹੈ ਜੋ ਕਿ ਤਾਅ ਉਮਰ ਪਛਤਾਵੇ ਦਾ ਕਾਰਨ ਹੋ ਨਿੱਬੜਦਾ ਹੈ। ਉਸ ਲੜਕੀ ਦੇ ਕਿਸੇ ਹੋਰ ਮਰਦ ਨਾਲ ਸਬੰਧ ਬਣ ਗਏ ਅਤੇ ਉਹ ਆਪਣੇ ਪਤੀ ਅਤੇ ਬੱਚਿਆਂ ਨੂੰ ਛੱਡ ਕੇ ਉਸ ਨਾਲ ਚਲੀ ਗਈ। ਪੰਚਾਇਤੀ ਰਾਜ਼ੀਨਾਮੇ ਵਿਚ ਉਸ ਨੇ ਬੱਚਿਆਂ ਨੂੰ ਆਪਣੇ ਨਾਲ ਲੈ ਕੇ ਜਾਣ ਤੋਂ ਮਨ੍ਹਾ ਕਰ ਦਿੱਤਾ। ਉਮਰ ਨਿੱਕੀ ਅਤੇ ਨਾ ਸਮਝੀ 'ਚ ਕੀਤੇ ਫ਼ੈਸਲੇ ਕਰਕੇ ਉਸਦੇ ਰਿਸ਼ਤੇਦਾਰ ਜਿਨ੍ਹਾਂ ਨੇ ਉਸ ਦਾ ਪਾਲਣ ਪੋਸ਼ਣ ਕੀਤਾ ਸੀ ਵੀ, ਉਸ ਨਾਲੋਂ ਨਾਤਾ ਤੋੜ ਗਏ। ਨਵੇਂ ਮਰਦ ਨੇ ਉੱਚ ਅਦਾਲਤਾਂ ਚ ਜਾ ਕੇ ਉਸ ਕੋਲੋਂ ਉਸ ਦੇ ਸਹੁਰਿਆਂ ਅਤੇ ਪਤੀ ਖ਼ਿਲਾਫ਼ ਕੇਸ ਕਰਵਾ ਦਿੱਤੇ ਜਿਸ ਕਰਕੇ ਉਸ ਲਈ ਸਹੁਰੇ ਘਰ ਦੇ ਬੂਹੇ ਹਮੇਸ਼ਾ ਲਈ ਬੰਦ ਹੋ ਗਏ। ਉਸ ਨਵੇਂ ਮਰਦ ਨੇ ਇਸ ਦਾ ਦੋ ਚਾਰ ਸਾਲ ਸ਼ੋਸ਼ਣ ਕੀਤਾ ਤੇ ਇਸ ਨੂੰ ਦਰ ਦਰ ਦੀਆਂ ਠੋਕਰਾਂ ਖਾਣ ਨੂੰ ਛੱਡ ਕੇ ਆਪਣੇ ਰਾਹ ਪੈ ਗਿਆ। ਖ਼ੈਰ, ਉਸਦੇ ਉਹੀ ਪੁਰਾਣੇ ਰਿਸ਼ਤੇਦਾਰ ਨੇ ਤਰਸ ਖਾ ਕੇ ਘਰ ਵਾੜ ਲਿਆ। ਹੁਣ ਉਸਨੇ ਆਪਣੇ ਬੱਚਿਆਂ ਨੂੰ ਵਾਪਸ ਲੈਣ ਜਾਂ ਆਪਣੇ ਸਹੁਰੇ ਘਰ ਮੁੜ ਵੱਸਣ ਲਈ ਸਾਡੇ ਕੋਲ ਦਰਖਾਸਤ ਦਿੱਤੀ ਸੀ। ਉਸਦੇ ਪਤੀ ਅਤੇ ਸਹੁਰੇ ਪਰਿਵਾਰ ਨੂੰ ਦਫਤਰ ਬੁਲਾਇਆ ਗਿਆ। ਉਸਦੇ ਪਤੀ ਦੀ ਹਾਲਤ ਨਾਮੁਰਾਦ ਬਿਮਾਰੀ ਕਰਕੇ ਬੇਹੱਦ ਤਰਸਯੋਗ ਹੋ ਚੁੱਕੀ ਸੀ। ਦੋਵੇਂ ਬੱਚੇ ਬੜੇ ਸੋਹਣੇ ਪਹਿਰਾਵੇ ਵਿੱਚ ਆਪਣੇ ਦਾਦਾ ਦਾਦੀ ਨਾਲ ਆਏ ਸਨ, ਜਿਸ ਤੋਂ ਉਨ੍ਹਾਂ ਦੇ ਚੰਗੇ ਪਾਲਣ ਪੋਸ਼ਣ ਦਾ ਝਲਕਾਰਾ ਪੈ ਰਿਹਾ ਸੀ। ਬੱਚੇ ਆਪਣੇ ਦਾਦਾ ਦਾਦੀ ਨਾਲ ਬਹੁਤ ਖੁਸ਼ ਸਨ ਤੇ ਚੰਗੇ ਸਕੂਲ ਵਿੱਚ ਪੜ੍ਹਦੇ ਸਨ। ਪੰਚਾਇਤ, ਪਿੰਡ ਅਤੇ ਹੋਰ ਆਲੇ ਦੁਆਲੇ ਤੋਂ ਬੱਚਿਆਂ ਦੀ ਪਰਵਰਿਸ਼ ਸਬੰਧੀ ਪੜਤਾਲ ਕਰਵਾਈ ਗਈ ਤਾਂ ਤਸੱਲੀਬਖ਼ਸ਼ ਜਵਾਬ ਹੀ ਆਇਆ। ਜਦੋਂ ਬੱਚਿਆਂ ਦੀ ਕਾਊਂਸਲਿੰਗ ਕੀਤੀ ਗਈ ਤਾਂ ਇੰਨੇ ਸਾਲ ਮਾਂ ਤੋਂ ਅਲੱਗ ਰਹਿਣ ਕਰਕੇ ਉਨ੍ਹਾਂ ਨੇ ਮਾਂ ਨੂੰ ਪਛਾਨਣ ਅਤੇ ਨਾਲ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਅਤੇ ਆਪਣੇ ਪਿਤਾ ਤੇ ਦਾਦਾ ਦਾਦੀ ਨਾਲ ਹੀ ਰਹਿਣ ਦੀ ਇੱਛਾ ਜ਼ਾਹਿਰ ਕੀਤੀ। ਦੂਜੇ ਪਾਸੇ ਉਸ ਲੜਕੀ ਕੋਲ ਆਪਣੇ ਬੱਚਿਆਂ ਦੀ ਪਰਵਰਿਸ਼ ਕਰਨ ਅਤੇ ਪੜ੍ਹਾਉਣ ਦੇ ਵੀ ਕੋਈ ਮਾਲੀ ਸਾਧਨ ਨਹੀਂ ਸਨ। ਕੁੜੀ ਮੇਰੇ ਸਾਹਮਣੇ ਬੈਠੀ ਫੁੱਟ ਫੁੱਟ ਰੋ ਰਹੀ ਸੀ। ਉਸ ਦੇ ਮਮਤਾਮਈ ਅੱਥਰੂਆਂ ਨੇ ਸਾਡਾ ਦਿਲ ਵੀ ਪਸੀਜ ਦਿੱਤਾ। ਇਕ ਪਾਸੇ ਮਾਂ ਦੀ ਮਮਤਾ ਸੀ ਤੇ ਦੂਜੇ ਪਾਸੇ ਬੱਚਿਆਂ ਦੀ ਚੰਗੀ ਪਰਵਰਿਸ਼ ਦਾ ਸਵਾਲ। ਮੈਂ ਸੋਚ ਰਿਹਾ ਸਾਂ ਕਿ ਨਿੱਕੀ ਉਮਰੇ ਜਾਂ ਨਾਸਮਝੀ ਵਿਚ ਮਜਬੂਰੀ ਵਸ ਚੁੱਕੇ ਉਸਦੇ ਇਕ ਗਲਤ ਕਦਮ ਨੇ ਉਸਦੀ ਜ਼ਿੰਦਗੀ ਵਿੱਚ ਹਨੇਰਾ ਕਰ ਦਿੱਤਾ ਸੀ। ਉਸ ਦੀ ਮਮਤਾ ਅਤੇ ਪਹਾੜ ਜਿੱਡੀ ਜ਼ਿੰਦਗੀ ਦੇ ਕਈ ਸਵਾਲ ਉਸ ਦੇ ਨੈਣਾਂ ਵਿਚਲੇ ਅੱਥਰੂ ਔਰਤ ਦੀ ਹੋਣੀ ਨੂੰ ਬਿਆਨ ਕਰ ਰਹੇ ਸਨ ।

## ਸਿੱਧੂ ਮੂਸੇਵਾਲਾ ਦੇ ਪਿਤਾ ਦੀ ਪਟੀਸ਼ਨ ਉੱਤੇ ਅਦਾਲਤ ਨੇ ਗੀਤ 'ਜਾਂਦੀ ਵਾਰ' ਦੀ ਰਿਲੀਜ਼ ਰੋਕੀ



ਚੰਡੀਗੜ੍ਹ, 29 ਅਗਸਤ, (ਪੋਸਟ ਬਿਊਰੋ)-ਮਰਹੂਮ ਪੰਜਾਬੀ ਗਾਇਕ ਸਿੱਧੂਮੂਸੇਵਾਲਾ ਦੇ ਨਵੇਂ ਪੰਜਾਬੀ ਗੀਤ'ਜਾਂਦੀ ਵਾਰ' ਦੀ ਰਿਲੀਜ਼ ਉੱਤੇ ਅਦਾਲਤ ਨੇ ਰੋਕ ਲਾ ਦਿੱਤੀ ਹੈ।

ਮਿਲੀ ਜਾਣਕਾਰੀ ਮੁਤਾਬਕ ਸਿੱਧੂ ਮੂਸੇਵਾਲਾ ਅਤੇ ਗਾਇਕਾ ਅਫ਼ਸਾਨਾ ਖਾਨ ਨਾਲ ਫਿਲਮਾਇਆ ਗਿਆ ਪੰਜਾਬੀ ਗੀਤ 'ਜਾਂਦੀ ਵਾਰ' 2 ਸਤੰਬਰ ਨੂੰ ਰਿਲੀਜ਼ ਹੋਣ ਦੀ ਜਾਣਕਾਰੀ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਸੋਸ਼ਲ ਮੀਡੀਆ ਉੱਤੇ ਦਿੱਤੀ ਸੀ, ਜਿਸ ਪਿੱਛੋਂ ਸਿੱਧੂ ਮੂਸੇਵਾਲਾ ਦੇ ਪਰਿਵਾਰ ਨੇ ਰਿਲੀਜ਼ ਨਾ ਕਰਨ ਦੀ ਅਪੀਲ ਕੀਤੀ ਤੇ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਅਦਾਲਤ ਨੂੰ ਅਰਜ਼ੀ ਵੀ ਦਿੱਤੀ ਸੀ। ਮਾਨਸਾ ਦੀ ਅਦਾਲਤ ਨੇ ਗੀਤ ਦੀ ਰਿਲੀਜ਼ਰੋਕ ਦਿੱਤੀ ਅਤੇ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਵੀ ਰਿਲੀਜ਼ ਨਾ ਕਰਨ ਦੀ ਗੱਲ ਕਹੀ ਹੈ।

ਬਾਲੀਵੁੱਡ ਦੇ ਵੱਡੇ ਮਿਊਜ਼ਿਕ ਡਾਇਰੈਕਟਰ ਸਲੀਮ ਮਰਚੈਂਟ ਨੇ ਗੀਤ ਦੀ ਰਿਲੀਜ਼ ਟਾਲਣ ਦਾ ਇਹ ਕਦਮ ਸਿੱਧੂ ਮੂਸੇਵਾਲਾ ਦੇ ਪਰਿਵਾਰ ਦੀ ਅਪੀਲ ਉੱਤੇ ਚੁੱਕਿਆ ਅਤੇ ਸੋਸ਼ਲ ਮੀਡੀਆ ਉੱਤੇ ਪੋਸਟ ਪਾ ਕੇ ਕਿਹਾ ਹੈ ਕਿ ਉਹ ਹਾਲੇ ਇਹ ਗੀਤ ਰਿਲੀਜ਼ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਉਹ ਮੂਸੇਵਾਲਾ ਦੇ ਮਾਪਿਆਂ ਨੂੰ ਨਾਰਾਜ਼ ਨਹੀਂ ਕਰਨਗੇ।

ਸਿੱਧੂ ਮੂਸੇਵਾਲਾ ਤੇ ਅਫ਼ਸਾਨਾ ਖਾਨ ਵੱਲੋਂ ਗਾਇਆ ਗੀਤ 'ਜਾਂਦੀ ਵਾਰ' 2 ਸਤੰਬਰ ਨੂੰ ਰਿਲੀਜ਼ ਕਰਨ ਤੋਂ ਕਾਫ਼ੀ ਵਿਵਾਦ ਸੀ। ਜਦੋਂ ਮਰਚੈਂਟ ਨੇ ਗੀਤ ਦੀ ਰਿਲੀਜ਼ ਦਾ ਐਲਾਨ ਕੀਤਾ ਤਾਂ ਪੰਜਾਬੀ ਇੰਡਸਟਰੀ ਦੇ ਇੱਕ ਵੱਡੇ ਗੀਤਕਾਰ ਤੇ ਲੇਖਕ ਬੰਟੀ ਬੈਂਸ ਨੇ ਮਰਚੈਂਟ ਦੇ ਨਾਂ ਲੰਬੀ ਚੌੜੀ ਪੋਸਟ ਰਾਹੀਂ ਸਲੀਮ ਮਰਚੈਂਟ ਦੇ ਫ਼ੈਸਲੇ ਬਾਰੇ ਸਵਾਲ ਚੁੱਕੇ ਤੇ ਕਿਹਾ ਸੀ ਕਿ ਮੂਸੇਵਾਲਾ ਦੇ 40-50 ਕਰੀਬ ਗੀਤ ਰਿਲੀਜ਼ ਲਈ ਪੈਂਡਿੰਗ ਹਨ ਤੇ ਸਭ ਮਿਊਜ਼ਿਕ ਕੰਪਨੀਆਂ ਨੇ ਮੂਸੇਵਾਲਾ ਦੇ ਪਰਿਵਾਰ ਨੂੰ ਦੇ ਦਿਤੇ ਹਨ ਤਾਂ ਮਰਚੈਂਟ ਨੂੰ ਵੀ ਮੂਸੇਵਾਲਾ ਪਰਿਵਾਰ ਦੀ ਗੱਲ ਮੰਨਣੀ ਚਾਹੀਦੀ ਹੈ। ਗੀਤ ਬਾਰੇ ਮੂਸੇਵਾਲਾ ਦੇ ਪਰਿਵਾਰ ਨੇ ਵੀ ਇਤਰਾਜ਼ ਕੀਤਾ ਤੇਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਏਥੋਂ ਤੱਕ ਕਿਹਾ ਸੀ ਕਿ ਮਰਚੈਂਟ ਉਨ੍ਹਾਂ ਦੀ ਅਪੀਲ ਨਾ ਮੰਨਣਗੇ ਤਾਂ ਉਹ ਕੋਰਟ ਦਾ ਸਹਾਰਾ ਲੈ ਸਕਦੇ ਹਨ।




# MPP Nina Tangri hosts a very successful annual barbecue







By: Surjit Singh Flora: Today, Nina Tangri, MPP Mississauga-Streetsville held a very successful Annual Community BBQ at Streetsville Memorial Park.

MPP Tangri was able to meet and speak with approximately hundreds of her constituents including families, organizations, and students from her riding. The attendees were able to participate in delicious food while face painting for the kids. Also, local Mississauga chines dance group and singers Entertainment Tangri's guest with special dance , signing and playing guitar.

Also, for Health presentations, information for various community organizations, Royal Canadian Army Cadets booths were very informative.

Nina Tangri commented, "This is a great event for the community to come out and have fun. It shows the vibrancy of Streetsville Mississauga and really highlights why Streetsville even the whole Mississauga is the best place to live, learn, work, and play!"

"It was a great day, a total success," Tangri said. "We were certainly lucky with the weather, everyone had a fun time, and we had a wonderful turnout of both adults and children."

Tangri's 2-4 event, with guests being treated to hot dogs, burgers (both beef and vegetarian), cold drinks and desserts.

There was more than just food and fun, however. MP Tangri views this event as a chance to get important and immediate feedback from her constituents.

"We want to hear how people think we're doing in the community," Tangri said. "We want to hear what people see as the issues that are affecting them. Chatting with folks today, the feedback was very positive.

MPP Tangri also said she's very thankful for all those who joined as a volunteer her BBQ and make it very successful.

# ਅਮਨ ਅਰੋੜਾ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਦਾ ਆਗ਼ਾਜ਼: 200 ਮੀਟਰ ਦੌੜ ਵਿੱਚ ਹਿੱਸਾ ਲੈ ਕੇ ਉੱਭਰਦੇ ਖਿਡਾਰੀਆਂ ਨੂੰ ਕੀਤਾ ਪ੍ਰੇਰਿਤ

## ਮੁੱਖ ਮੰਤਰੀ ਭਗਵੰਤ ਮਾਨ ਦੀ ਸਰਕਾਰ ਪੰਜਾਬ 'ਚ ਖੇਡ ਸੱਭਿਆਚਾਰ ਪ੍ਰਫੁੱਲਤ ਕਰਨ ਲਈ ਵਚਨਬੱਧ: ਅਮਨ ਅਰੋੜਾ

### ਪਦਮ ਸ਼੍ਰੀ ਐਵਾਰਡੀ ਅਥਲੀਟ ਸੁਨੀਤਾ ਰਾਣੀ, ਅਰਜੁਨਾ ਐਵਾਰਡੀ ਗੀਤਾ ਰਾਣੀ ਅਤੇ ਸਟੇਟ ਐਵਾਰਡੀ ਮਹਾਂ ਸਿੰਘ ਨੇ ਵੀ ਸੰਗਰੂਰ ਵਿਖੇ ਬਲਾਕ ਪੱਧਰੀ ਮੁਕਾਬਲਿਆਂ ਦੇ ਉਦਘਾਟਨੀ ਸਮਾਰੋਹ ਵਿੱਚ ਕੀਤੀ ਸ਼ਿਰਕਤ

ਚੰਡੀਗੜ੍ਹ, 1 ਸਤੰਬਰ (ਪੋਸਟ ਬਿਊਰੋ): ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਵੱਲੋਂ ਪਹਿਲਕਦਮੀ ਕਰਦਿਆਂ ਖੇਡ ਮਹਾਂਕੁੰਭ "ਖੇਡਾਂ ਵਤਨ ਪੰਜਾਬ ਦੀਆਂ" ਰਾਹੀਂ ਸੂਬੇ 'ਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਲਈ ਵੱਡਾ ਹੰਭਲਾ ਮਾਰਿਆ ਗਿਆ ਹੈ ਜੋ ਕਿ ਪਿਛਲੀਆਂ ਸਰਕਾਰਾਂ ਵੱਲੋਂ ਕਈ ਦਹਾਕਿਆਂ ਤੋਂ ਅਣਗੌਲਿਆ ਕੀਤਾ ਗਿਆ ਸੀ। ਇਹ ਪ੍ਰਗਟਾਵਾ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ, ਨਵੀਂ ਤੇ ਨਵਿਆਉਣਯੋਗ ਊਰਜਾ ਸਰੋਤ ਅਤੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਅੱਜ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਖੇ ਬਲਾਕ ਪੱਧਰੀ 'ਖੇਡਾਂ ਵਤਨ ਪੰਜਾਬ ਦੀਆਂ' ਦਾ ਸ਼ਾਨਦਾਰ ਆਗ਼ਾਜ਼ ਕਰਨ ਲਈ ਕਰਵਾਏ ਗਏ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਇਸ ਮੌਕੇ ਅਮਨ ਅਰੋੜਾ ਨੇ ਵਿਧਾਇਕ ਨਰਿੰਦਰ ਕੌਰ ਭਰਾਜ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਐਸ.ਐਸ.ਪੀ. ਮਨਦੀਪ ਸਿੰਘ ਸਿੱਧੂ ਅਤੇ ਹੋਰ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਸਮੇਤ 200 ਮੀਟਰ ਦੀ ਪ੍ਰਦਰਸ਼ਨੀ ਦੌੜ 'ਚ ਹਿੱਸਾ ਲੈ ਕੇ ਖਿਡਾਰੀਆਂ 'ਚ ਜੋਸ਼ ਭਰਿਆ। ਖੇਡਾਂ ਦੇ ਆਗ਼ਾਜ਼ ਮੌਕੇ ਪਦਮ ਸ਼੍ਰੀ ਐਵਾਰਡੀ ਅਥਲੀਟ ਸੁਨੀਤਾ ਰਾਣੀ, ਅਰਜੁਨਾ ਐਵਾਰਡੀ ਗੀਤਾ ਰਾਣੀ ਅਤੇ ਸਟੇਟ ਐਵਾਰਡੀ ਮਹਾਂ ਸਿੰਘ ਨੇ ਵੀ ਸ਼ਿਰਕਤ ਕਰਦਿਆਂ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।

ਸਮਾਗਮ ਦੌਰਾਨ ਖਿਡਾਰੀਆਂ ਤੇ ਸੰਗਰੂਰ ਵਾਸੀਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਲਗਭਗ 2 ਮਹੀਨੇ ਚੱਲਣ ਵਾਲੀਆਂ ਇਹ ਖੇਡਾਂ ਬਲਾਕ ਪੱਧਰ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਪੱਧਰ ਅਤੇ ਫਿਰ ਸੂਬਾ ਪੱਧਰ ਤੱਕ ਕਰਵਾਈਆਂ ਜਾਣਗੀਆਂ ਅਤੇ ਜੇਤੂਆਂ ਨੂੰ ਸੂਬਾ ਸਰਕਾਰ ਵੱਲੋਂ 6 ਕਰੋੜ ਰੁਪਏ ਦੇ ਇਨਾਮ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ 'ਚ ਪੰਜਾਬ ਦੀਆਂ ਰਵਾਇਤੀ ਖੇਡਾਂ ਦੇ ਨਾਲ-ਨਾਲ ਅੰਤਰਰਾਸ਼ਟਰੀ ਪੱਧਰ 'ਤੇ ਖੇਡੀਆਂ ਜਾਣ ਵਾਲੀਆਂ ਖੇਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਰਾਹੀਂ ਪੰਜਾਬ ਨੂੰ ਖੇਡਾਂ ਦੇ ਖੇਤਰ 'ਚ ਨਵੀਂ ਦਿਸ਼ਾ ਮਿਲੇਗੀ ਕਿਉਂਕਿ ਇਨ੍ਹਾਂ ਮੁਕਾਬਲਿਆਂ ਵਿੱਚ ਖਿਡਾਰੀਆਂ ਨੂੰ ਆਪਣੇ ਖੇਡ ਹੁਨਰ ਨੂੰ ਨਿਖਾਰਨ ਦਾ ਮੌਕਾ ਮਿਲੇਗਾ।

ਅਮਨ ਅਰੋੜਾ ਨੇ ਕਿਹਾ ਕਿ ਦੋ ਮਹੀਨਿਆਂ ਮਗਰੋਂ ਜਦੋਂ ਇਹ ਖੇਡ ਮਹਾਂਕੁੰਭ ਸਮਾਪਤ ਹੋਵੇਗਾ ਤਾਂ ਉਦੋਂ ਖਿਡਾਰੀਆਂ ਅੰਦਰ ਯਕੀਨੀ ਤੌਰ 'ਤੇ ਇੱਕ ਨਵਾਂ ਜੋਸ਼ ਤੇ ਜਜ਼ਬਾ ਦੇਖਣ ਨੂੰ ਮਿਲੇਗਾ ਜਿਸ ਨਾਲ ਆਉਣ ਵਾਲੇ ਸਮੇਂ ਅੰਦਰ ਸੂਬੇ ਦੇ ਵੱਡੀ ਗਿਣਤੀ ਖਿਡਾਰੀ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਵਿਲੱਖਣ ਪ੍ਰਾਪਤੀਆਂ ਦਰਜ ਕਰਨਗੇ।

ਅਮਨ ਅਰੋੜਾ ਨੇ ਕਿਹਾ ਕਿ ਸੰਗਰੂਰ ਜ਼ਿਲ੍ਹੇ ਨੇ ਹਰ ਖੇਤਰ 'ਚ ਆਪਣਾ ਲੋਹਾ ਮਨਵਾਇਆ ਹੈ ਅਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ 'ਖੇਡਾਂ ਵਤਨ ਪੰਜਾਬ ਦੀਆਂ' ਵਿੱਚ ਵੀ ਜ਼ਿਲ੍ਹੇ ਦੇ ਖਿਡਾਰੀ ਸਭ ਤੋਂ ਮੋਹਰੀ ਰਹਿਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਖੇਡਾਂ ਜ਼ਰੀਏ ਪੰਜਾਬ ਨੂੰ ਓਲੰਪਿਕ ਸਮੇਤ ਹੋਰਨਾਂ ਅੰਤਰਰਾਸ਼ਟਰੀ ਪੱਧਰ ਦੇ ਖੇਡ ਮੁਕਾਬਲਿਆਂ 'ਚ ਮਾਅਰਕੇ ਮਾਰਨ ਵਾਲੇ ਖਿਡਾਰੀ ਤਿਆਰ ਕਰਨ 'ਚ ਮਦਦ ਮਿਲੇਗੀ। ਉਨ੍ਹਾਂ ਖਿਡਾਰੀਆਂ ਨੂੰ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਤ ਕਰਨ ਦੇ ਨਾਲ-ਨਾਲ ਖਿਡਾਰੀਆਂ ਦੀ ਹਰ ਸੰਭਵ ਮਦਦ ਲਈ ਵਚਨਬੱਧ ਹੈ।



ਸਮਾਗਮ ਦੌਰਾਨ ਨਾਮਵਰ ਖਿਡਾਰੀਆਂ ਨੇ ਮਸ਼ਾਲ ਜਗਾਉਣ ਦੀ ਰਸਮ ਅਦਾ ਕੀਤੀ ਅਤੇ ਰੋਲਰ ਸਕੇਟਿੰਗ ਦੀ ਖਿਡਾਰਨ ਨਵਨੀਤ ਕੌਰ ਨੇ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ। ਇਸ ਉਪਰੰਤ ਮਾਤਾ ਰਾਜ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਵੱਲੋਂ ਯੋਗ ਦੀ ਪੇਸ਼ਕਾਰੀ ਕੀਤੀ ਜਦੋਂਕਿ ਜਿਮਨਾਸਟਿਕ ਦੇ ਕਰਤੱਬਾਂ ਅਤੇ ਗੱਤਕੇ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਦਰਸ਼ਕਾਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਦੌਰਾਨ ਰਵਾਇਤੀ ਲੋਕ ਨਾਚਾਂ ਗਿੱਧੇ ਤੇ ਭੰਗੜੇ ਦੀ ਪੇਸ਼ਕਾਰੀ ਵੀ ਸ਼ਾਨਦਾਰ ਰਹੀ।

## ਕੋਟਕਪੂਰਾ ਗੋਲੀ ਕਾਂਡ: ਐੱਸ ਆਈ ਟੀ ਅੱਗੇ ਪੇਸ਼ ਨਹੀਂ ਹੋਏ ਸੁਖਬੀਰ ਸਿੰਘ ਬਾਦਲ

* ਅਕਾਲੀ ਦਲ ਨੇ ਕਿਹਾ: ਸੰਮਣ ਹੀ ਨਹੀਂ ਸਨ ਮਿਲੇ
* ਜਾਂਚ ਟੀਮ ਨੇ ਕਿਹਾ: ਪੁਲਿਸ ਅਫਸਰ ਖੁਦ ਗਏ ਸਨ ਸੰਮਣ ਦੇਣ



ਚੰਡੀਗੜ੍ਹ, 1 ਸਤੰਬਰ, (ਪੋਸਟ ਬਿਊਰੋ)- ਸਾਲ 2015 ਵਿੱਚ ਅਕਾਲੀ-ਭਾਜਪਾ ਸਰਕਾਰ ਵੇਲੇ ਹੋਏ ਬੇਅਦਬੀ ਕਾਂਡ ਮਗਰੋਂ ਰੋਸ ਕਰਦੀ ਸੰਗਤ ਉੱਤੇ ਪੁਲਸ ਗੋਲੀ ਚਲਾਉਣ ਨਾਲ ਸੰਬੰਧਤ ਕੋਟਕਪੂਰਾ ਗੋਲੀ ਕਾਂਡ ਕੇਸ ਵਿੱਚ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਨੇ ਅੱਜ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਅੱਗੇ ਪੇਸ਼ ਹੋਣਾ ਸੀ, ਪਰ ਐੱਸ ਆਈ ਟੀ ਉਡੀਕਦੀ ਰਹੀ ਅਤੇ ਉਹ ਪੇਸ਼ ਨਹੀਂ ਹੋਏ।

ਵਰਨਣ ਯੋਗ ਹੈ ਕਿ ਇਸ ਕਾਂਡ ਦੀ ਜਾਂਚ ਟੀਮ ਨੇ ਪਿਛਲੇ ਦਿਨੀਂ ਸੰਮਨ ਭੇਜ ਕੇ ਅੱਜ 30 ਅਗਸਤ ਨੂੰ ਸੁਖਬੀਰ ਸਿੰਘ ਬਾਦਲ ਨੂੰ ਇਸ ਟੀਮ ਅੱਗੇ ਪੇਸ਼ ਹੋਣ ਨੂੰ ਕਿਹਾ ਸੀ, ਪਰ ਉਹ ਪੇਸ਼ ਨਹੀਂ ਹੋਏ। ਇਸ ਸੰਬੰਧ ਵਿੱਚ ਅਕਾਲੀ ਦਲ ਦਾ ਦਾਅਵਾ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਪੇਸ਼ੀ ਦੇਸੰਮਣਨਹੀਂ ਮਿਲੇ, ਇਸ ਲਈ ਪੇਸ਼ ਨਹੀਂ ਹੋਏ।

ਦੂਸਰੇ ਪਾਸੇ ਇਹਸੰਮਣ ਨਾ ਮਿਲਣ ਦੇ ਅਕਾਲੀ ਦਲ ਦੇ ਦਾਅਵੇਦੇ ਜਵਾਬ ਵਿੱਚਐੱਸ ਆਈ ਟੀਨੇ ਕਿਹਾ ਕਿ ਇੱਕ ਪੁਲਿਸ ਅਫਸਰ ਖੁਦ ਸੰਮਣ ਲੈ ਕੇ ਸੁਖਬੀਰ ਸਿੰਘ ਬਾਦਲ ਦੇ ਘਰ ਗਿਆ ਸੀ, ਪਰ ਅੱਗੋਂ ਇਹ ਕਹਿ ਦਿੱਤਾ ਗਿਆ ਕਿ ਸੁਖਬੀਰ ਸਿੰਘ ਬਾਦਲ ਵਿਦੇਸ਼ ਗਏ ਹਨ।ਇਹੀ ਨਹੀਂ, ਉਨ੍ਹਾਂ ਨੂੰ ਦੋ ਵਾਰ ਕੋਰੀਅਰ ਰਾਹੀਂ ਸੰਮਣ ਭੇਜੇ ਗਏ, ਪਰ ਦੋਵੇਂ ਵਾਰ ਸੰਮਣ ਲੈਣ ਤੋਂ ਇਨਕਾਰ ਕੀਤਾ ਗਿਆ।ਇਸੇ ਕੇਸ ਵਿੱਚ ਇਸ ਤੋਂ ਪਹਿਲਾਂ ਐੱਸ ਆਈ ਟੀਨੇ ਪੰਜਾਬ ਪੁਲਸ ਦੇ ਸਾਬਕਾ ਮੁਖੀ (ਡੀਜੀਪੀ) ਸੁਮੇਧ ਸਿੰਘ ਸੈਣੀ ਤੋਂ ਵੀ ਪੁੱਛਗਿੱਛ ਕੀਤੀ ਸੀ। ਤਾਜ਼ਾ ਸੰਮਣ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਚੰਡੀਗੜ੍ਹ 10:30 ਵਜੇ ਸੈਕਟਰ 32 ਵਿੱਚ ਪੰਜਾਬ ਪੁਲਿਸ ਹੈੱਡਕੁਆਟਰ ਵਿਖੇ ਪੇਸ਼ ਹੋਣਾ ਸੀ।

ਅਕਾਲੀ-ਭਾਜਪਾ ਸਰਕਾਰ ਦੌਰਾਨ ਅਕਤੂਬਰ 2015 ਵਿੱਚ ਫਰੀਦਕੋਟ ਜ਼ਿਲੇ ਦੇ ਪਿੰਡ ਬਰਗਾੜੀਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ ਖਿੱਲਰੇ ਮਿਲਣ ਉੱਤੇ ਸਿੱਖ ਸੰਗਤ ਨੇ ਵਿਰੋਧ ਕੀਤਾ ਤਾਂਕੋਟਕਪੂਰਾ ਵਿੱਚ ਪੁਲਸਨੇ ਗੋਲੀ ਚਲਾਈ ਸੀ। ਸਾਲ 2015 ਦੇ ਇਸ ਗੋਲੀ ਕਾਂਡ ਵੇਲੇਸੁਖਬੀਰ ਸਿੰਘ ਬਾਦਲ ਪੰਜਾਬ ਦੇ ਡਿਪਟੀਮੁੱਖ ਮੰਤਰੀ ਸਨ ਤੇ ਉਨ੍ਹਾਂ ਕੋਲ ਗ੍ਰਹਿ ਵਿਭਾਗ ਵੀ ਸੀ। ਉਨ੍ਹਾਂ ਤੋਂ ਐੱਸ ਆਈ ਟੀਪੁੱਛਣਾ ਚਾਹੁੰਦੀ ਹੈ ਕਿ ਸੰਗਤਾਂ ਉੱਤੇ ਗੋਲੀ ਚਲਾਉਣ ਦੇ ਹੁਕਮ ਕਿਸ ਨੇ ਦਿੱਤੇ ਸਨ? ਪਿਛਲੀ ਸਰਕਾਰ ਦੌਰਾਨ ਐੱਸ ਆਈ ਟੀ ਵੱਲੋਂ ਇਹੋ ਸਵਾਲ ਪੁੱਛਣ ਉੱਤੇ ਸੁਖਬੀਰ ਸਿੰਘ ਬਾਦਲ ਕਹਿ ਚੁੱਕੇ ਹਨ ਕਿ ਗੋਲੀ ਚਲਾਉਣ ਦੇ ਹੁਕਮਸਥਾਨਕ ਐੱਸਡੀਐੱਮਵੱਲੋਂ ਸਨ। ਐੱਸ ਡੀਐੱਮ ਨੇ ਲਿਖਤੀ ਬਿਆਨਦਿੱਤਾ ਸੀ ਤੇ ਪਤਾ ਲੱਗਾ ਹੈ ਕਿ ਉਹਉਸ ਬਿਆਨ ਉੱਤੇ ਕਾਇਮ ਹਨ। ਸੁਖਬੀਰ ਸਿੰਘ ਬਾਦਲ ਨੇ ਅੱਜ ਐੱਸ ਆਈ ਟੀਵੱਲੋਂ ਸੰਮਣ ਨਾ ਮਿਲਣ ਦੀ ਗੱਲਦੇ ਨਾਲ ਇਹ ਵੀ ਕਿਹਾ ਕਿ ਹਜ਼ਾਰਾਂ ਸੰਮਣ ਆਉਂਦੇ ਹਨ, ਇਹ ਕੋਈ ਵੱਡੀ ਗੱਲ ਨਹੀਂ।

## ਡੀ ਜੀ ਪੀ ਅਤੇ ਜੇਲ੍ਹ ਮੰਤਰੀ ਨੂੰ ਗੈਂਗਸਟਰ ਗੋਲਡੀ ਬਰਾੜ ਵੱਲੋਂ ਧਮਕੀ

ਬਠਿੰਡਾ, 1 ਸਤੰਬਰ (ਪੋਸਟ ਬਿਊਰੋ): ਬੀਤੇ ਦਿਨੀਂ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਦੋਸ਼ੀ ਗੈਂਗਸਟਰ ਗੋਲਡੀ ਬਰਾੜ ਨੇ ਪੰਜਾਬ ਪੁਲਸ ਦੇ ਮੁੱਖੀ ਗੌਰਵ ਯਾਦਵ ਅਤੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਸ਼ੋਸ਼ਲ ਮੀਡੀਆ ਰਾਹੀਂ ਧਮਕੀ ਦਿੰਦੇ ਹੋਏ ਕਿਹਾ ਹੈ ਕਿ ਬਠਿੰਡਾ ਜ਼ੇਲ੍ਹ ਵਿੱਚ ਬੰਦ ਉਸ ਦੇ ਤਿੰਨ ਸਾਥੀਆਂ ਨੂੰ ਤੰਗ ਕਰਨਾ ਬੰਦ ਨਾ ਕੀਤਾ ਤਾਂ ਉਹ ਮੂਸੇਵਾਲਾ ਕਾਂਡ ਵਰਗੀ ਵਾਰਦਾਤ ਵੀਕਰ ਸਕਦੇ ਹਨ। ਉਸ ਦੀ ਧਮਕੀ ਦਾ ਕਰਾਰਾ ਜਵਾਬ ਦਿੰਦੇ ਹੋਏ ਜ਼ੇਲ੍ਹ ਮੰਤਰੀ ਨੇ ਕਿਹਾ ਕਿ ਜੇਲ੍ਹਾਂ ਵਿੱਚ ਵੀ ਆਈ ਪੀ ਸਹੂਲਤਾਂ ਤੇ ਪੀਜ਼ਾ ਮਿਲਣ ਦੇ ਦਿਨ ਪੁੱਗ ਗਏ, ਇਹ ਸੁਧਾਰ ਘਰ ਬਣਨਗੀਆਂ। ਗੈਂਗਸਟਰ ਗੋਲਡੀ ਬਰਾੜ ਨੇ ਡੀ ਜੀ ਪੀ ਅਤੇ ਜੇਲ੍ਹ ਮੰਤਰੀ ਨੂੰ ਧਮਕੀ ਦਿੰਦਿਆਂ ਕਿਹਾ ਕਿ ਬਠਿੰਡਾ ਵਿੱਚ ਬੰਦ ਸਾਡੇ ਭਰਾ ਸਾਰਜ ਮਿੰਟੂ, ਜਗਰੋਸ਼ਨ ਹੁੰਦਲ ਅਤੇ ਬੌਬੀ ਮਲਹੋ-ਤਰਾ ਨੂੰ ਜੇਲ੍ਹ ਮੁੱਖੀ ਤੰਗ ਕਰਦਾ ਹੈ, ਉਹ ਸਾਡੇ ਭਰਾਵਾਂ ਤੋਂ ਪੈਸੇ ਮੰਗਦਾ ਹੈ ਅਤੇ ਉਸ ਨੇ ਬਿਨ੍ਹਾਂ ਵਜ੍ਹਾ ਇੰਨ੍ਹਾਂ ਦੀ ਕੁੱਟਮਾਰ ਕੀਤੀ ਹੈ, ਜੇ ਉਨ੍ਹਾਂ ਦਾ ਕੋਈ ਨੁਕਸਾਨ ਹੋਇਆ ਤਾਂ ਇਸ ਲਈ ਜ਼ੇਲ੍ਹ ਪ੍ਰਸ਼ਾਸਨ ਜ਼ਿੰਮੇਵਾਰ ਹੋਵੇਗਾ। ਇਸ ਬਾਰੇ ਜ਼ਿਲ੍ਹਾ ਪੁਲਸ ਮੁੱਖੀ ਜੇ ਏਲਨਚੇਜ਼ੀਅਨ ਨੇ ਕਿਹਾ ਕਿ ਇਸ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013


Check our Free E-paper at:
www.canadianpunjabipost.ca

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

Visions of Punjab



VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com



Natasha Mahal
Co-Host

Iqbal Mahal
Producer & Host

Serving the South Asian Community Since 1976


## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769


(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca


## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ

ਫਰੀ ਪਿਕਅਪ
Best Rates For Lessons




ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ


STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days a Week
Call For FREE Estimate
ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092
www.STARLANEPAINTING.com
ਹਰਜੀਤ ਧਨੋਆ


HARDEEP GREWAL PRODUCTIONS
PRESENTS
BATCH 2013
ਬੈਚ 2013
WRITTEN & PRODUCED BY
HARDEEP GREWAL
EDITED & DIRECTED BY
GARRY KHATRAO
AFTER THE GRAND SUCCESS OF 'TUNKA TUNKA' LAST YEAR, HARDEEP GREWAL'S NEW MOVIE 'BATCH 2013'
STARRING : HARDEEP GREWAL, NEETA MOHINDRA, DR. SAHIB SINGH, PARAMVEER SINGH, HASHNEEN CHAUHAN, MANJIT SINGH, HARINDER BHULLAR & PREET BHULLAR
DOP : ASHISH VAIDYA CREATIVE DIRECTOR : PAWAN JUYAL ACTION DIRECTOR : DR. VICKY KAPOOR ART DIRECTOR : HARIS UMAR KHAN LINE PRODUCER : SANJEEV THAKUR MUSIC : GURMOHH
SINGERS : KANWAR GREWAL , DAVI SINGH ( THE LANDERS), HARDEEP GREWAL & AKS LYRICS : HARMANJEET SINGH , HARDEEP GREWAL COSTUME DESIGNER : NAVDEEP AGROIA MAKE UP : VIKRAM MAKEOVER
BACKGROUND SCORE : SUNNY INDER SOUND DESIGN & MIXING : HENGUL MEDHI DI & SOUND POST : AFTERPLAY STUDIOS (MADDY) VISUAL PROMOTIONS : HASHTAG#STUDIOS PUBLICITY DESIGNS : THE TOWN MEDIA
STILL : MANPREET DHOT VFX : SHUDHANDHU JAISWAL & SAHIL B DI COLORIST : UTTAM KUMAR PANDEY
IN CINEMAS 9TH SEP 2022
THEATRICAL RELEASE (USA, CANADA):
HARJINDER GILL & G MEDIA GROUP

# ਫਿਲਮ ਵਿੱਚ ਔਰਤ ਦਾ ਕਿਰਦਾਰ ਬਹੁਤ ਮੁਸ਼ਕਲ: ਨਵਾਜ਼ੂਦੀਨ



ਨਵਾਜ਼ੂਦੀਨ ਸਿੱਦੀਕੀ ਬਾਲੀਵੁੱਡ ਦੇ ਉਨਾਂ ਕਲਾਕਾਰਾਂ ਵਿੱਚੋਂ ਹਨ, ਜੋ ਆਪਣੀ ਐਕਟਿੰਗ ਦੇ ਨਾਲ ਤਰ੍ਹਾਂ-ਤਰ੍ਹਾਂ ਦੇ ਐਕਸਪੈਰੀਮੈਂਟ ਕਰਦੇ ਰਹਿੰਦੇ ਹਨ। ਆਪਣੇ ਯੂਨੀਕ ਕਿਰਦਾਰਾਂ ਨਾਲ ਨਵਾਜ਼ ਨੇ ਦਰਸ਼ਕਾਂ ਨੂੰ ਹਰ ਵਾਰ ਇੰਪਰੈਸ ਕੀਤਾ ਹੈ। ਪਿੱਛੇ ਜਿਹੇ ਉਸ ਦੀ ਫਿਲਮ 'ਹੱਡੀ' ਦਾ ਮੋਸ਼ਨ ਪੋਸਟਰ ਰਿਲੀਜ਼ ਕੀਤਾ ਗਿਆ ਸੀ, ਜਿਸ ਵਿੱਚ ਨਵਾਜ਼ ਔਰਤ ਦੇ ਕਿਰਦਾਰ ਵਿੱਚ ਨਜ਼ਰ ਆਏ। ਨਵਾਜ਼ ਦਾ ਇਹ ਲੁਕ ਸੋਸ਼ਲ ਮੀਡੀਆ ਉਤੇ ਖ਼ੂਬ ਪਸੰਦ ਕੀਤਾ ਗਿਆ ਹੈ।

ਨਵਾਜ਼ੂਦੀਨ ਨੇ ਕਿਹਾ, ''ਜੇ ਮੈਂ ਔਰਤ ਦਾ ਕਰੈਕਟਰ ਨਿਭਾਉਂਦਾ ਹਾਂ ਤਾਂ ਉਸ ਲਈ ਮੈਨੂੰ ਔਰਤ ਵਾਂਗ ਸੋਚਣਾ ਪਵੇਗਾ। ਕੱਪੜੇ, ਹੇਅਰ ਸਟਾਈਲ ਅਤੇ ਮੇਕਅਪ ਇਨਾਂ ਸਭ ਚੀਜ਼ਾਂ ਲਈ ਇੱਕ ਐਕਸਪਰਟ ਪ੍ਰੋਵਾਈਡ ਕੀਤੇ ਜਾਂਦੇ ਹਨ, ਪਰ ਉਸ ਕਿਰਦਾਰ ਵਿੱਚ ਢਲਣਾ ਇੰਟਰਨਲ ਪ੍ਰੋਸੈੱਸ ਹੁੰਦੀ ਹੈ। ਔਰਤ ਦਾ ਕਿਰਦਾਰ ਨਿਭਾਉਣ ਦੇ ਲਈ ਤੁਹਾਨੂੰ ਇੱਕ ਔਰਤ ਦੇ ਨਜ਼ਰੀਏ ਨਾਲ ਸੋਚਣਾ ਪੈਂਦਾ ਹੈ, ਜੋ 'ਹੱਡੀ' ਫਿਲਮ ਮੇਰੇ ਲਈ ਮੁਸ਼ਕਲ ਟਾਸਕ ਹੈ। ਮੈਂ ਇਸ ਫਿਲਮ ਵਿੱਚ ਔਰਤ ਅਤੇ ਟ੍ਰਾਂਸਜੈਂਡਰ ਦੋਵਾਂ ਦਾ ਕਿਰਦਾਰ ਨਿਭਾਉਣ ਵਾਲਾ ਹਾਂ। ਇਸ ਫਿਲਮ ਵਿੱਚ ਮੇਰਾ ਡਬਲ ਰੋਲ ਹੈ। ਫਿਲਮ ਡਾਇਰੈਕਟਰ ਅਕਸ਼ਤ ਕਰੀਬ ਚਾਰ ਸਾਲਾਂ ਤੋਂ ਮੇਰੇ ਨਾਲ ਇਸ ਫਿਲਮ ਵਿੱਚ ਕੰਮ ਕਰਨਾ ਚਾਹੁੰਦੇ ਸਨ।

# ਸ਼ਾਹਰੁਖ ਖਾਨ ਦੀ ਫਿਲਮ 'ਪਠਾਨ' ਖਲਨਾਇਕ ਬਣਿਆ ਜਾਨ ਅਬਰਾਹਮ

'ਏਕ ਵਿਲੇਨ ਰਿਟਰਨਜ਼' ਦੀ ਸਫਲਤਾ ਤੋਂ ਬਾਅਦ ਜਾਨ ਅਬਰਾਹਮ ਇੱਕ ਵਾਰ ਫਿਰ ਫਿਲਮ 'ਪਠਾਨ' ਵਿਚ ਖਲਨਾਇਕ ਵਜੋਂ ਧਮਾਕੇਦਾਰ ਕਿਰਦਾਰ ਨਿਭਾਏਗਾ। ਸੁਪਰਸਟਾਰ ਸ਼ਾਹਰੁਖ ਦੀ ਇਹ ਫਿਲਮ ਅਗਲੇ ਸਾਲ ਜਨਵਰੀ ਵਿੱਚ ਰਿਲੀਜ਼ ਹੋਵੇਗੀ। ਸ਼ਾਹਰੁਖ ਇਸ ਫਿਲਮ ਜ਼ਰੀਏ ਪੰਜ ਸਾਲਾਂ ਬਾਅਦ ਵੱਡੇ ਪਰਦੇ ਉਤੇ ਵਾਪਸੀ ਕਰ ਰਿਹਾ ਹੈ। ਇਸ ਫਿਲਮ ਦਾ ਡਾਇਰੈਕਟਰ ਸਿਧਾਰਥ ਆਨੰਦ ਹੈ ਅਤੇ ਦੀਪਿਕਾ ਪਾਦੁਕੋਣ ਮੇਨ ਲੀਡ ਵਿੱਚ ਹੈ।

ਜਾਨ ਅਬਰਾਹਮ ਨੇ ਟਵਿੱਟਰ ਉਤੇ ਇਸ ਫਿਲਮ ਵਿਚਲੀ ਆਪਣੀ ਪਹਿਲੀ ਦਿੱਖ ਜਾਰੀ ਕੀਤੀ, ਜਿਸ ਵਿੱਚ ਉਹ ਹਥਿਆਰ ਚੁੱਕੀ ਨਜ਼ਰ ਆ ਰਿਹਾ ਹੈ। ਇਹ ਫਿਲਮ 25 ਜਨਵਰੀ ਨੂੰ ਹਿੰਦੀ, ਤਾਮਿਲ ਅਤੇ ਤੇਲਗੂ ਭਾਸ਼ਾ ਵਿੱਚ ਰਿਲੀਜ਼ ਹੋਵੇਗੀ। ਸਿਧਾਰਥ ਆਨੰਦ ਨੇ ਆਖਿਆ ਕਿ ਇਸ ਫਿਲਮ ਵਿੱਚ ਜਾਨ ਵਿਲੇਨ ਦੀ ਭੂਮਿਕਾ ਨਿਭਾ ਰਿਹਾ ਹੈ, ਪਰ ਉਸ ਦਾ ਕਿਰਦਾਰ ਨਾਇਕ ਵਾਂਗ ਹੀ ਵਧੀਆ ਹੈ। ਉਸ ਨੇ ਹਮੇਸ਼ਾ ਇਸ ਤੱਥ ਉਤੇ ਭਰੋਸਾ ਕੀਤਾ ਹੈ ਕਿ ਖਲਨਾਇਕ ਦੀ ਪੇਸ਼ਕਾਰੀ ਵੀ ਵੱਡੀ ਹੋਣੀ ਚਾਹੀਦੀ ਹੈ ਭਾਵੇਂ ਉਹ ਨਾਇਕ ਤੋਂ ਵੱਡੀ ਨਾ ਹੋਵੇ। ਇਸ ਤੋਂ ਇੱਕ ਮਹੀਨਾ ਪਹਿਲਾਂ ਫਿਲਮ ਨਿਰਮਾਤਾਵਾਂ ਨੇ ਦੀਪਿਕਾ ਦੀ ਪਹਿਲੀ ਦਿੱਖ ਜਾਰੀ ਕੀਤੀ ਸੀ।







# ਫਿਲਮੀ ਦੁਨੀਆਂ

## ਦੁਲਕਰ ਦੀ ਮਦਦ ਬਿਨਾਂ ਸੀਤਾ ਦਾ ਕਿਰਦਾਰ ਨਿਭਾ ਸਕਣਾ ਮੁਸ਼ਕਲ ਹੁੰਦਾ : ਮ੍ਰਿਣਾਲ ਠਾਕੁਰ



ਮ੍ਰਿਣਾਲ ਠਾਕੁਰ ਇਨ੍ਹੀਂ ਦਿਨੀਂ ਤੇਲਗੂ ਫਿਲਮ 'ਸੀਤਾ ਰਾਮਮ' ਬਾਰੇ ਚਰਚਾ ਹੈ। ਇਸ ਦੇ ਇਲਾਵਾ ਉਸ ਦੇ ਕੋਲ ਫਿਲਮ 'ਪਿੱਪਾ' ਹੈ। ਇਸ ਮੁਲਾਕਾਤ ਵਿੱਚ ਉਸ ਨੇ ਦੋਵਾਂ ਫਿਲਮਾਂ ਵਿੱਚ ਕੰਮ ਦੇ ਤਜਰਬੇ ਅਤੇ ਸਹਿਯੋਗੀ ਕਲਾਕਾਰਾਂ ਦੇ ਬਾਰੇ ਵਿੱਚ ਖਾਸ ਗੱਲਬਾਤ ਕੀਤੀ। ਪੇਸ਼ ਹਨ ਉਸੇ ਗੱਲਬਾਤ ਦੇ ਕੁਝ ਅੰਸ਼:-

* ਪਿੱਛੇ ਜਿਹੇ 'ਸੀਤਾ ਰਾਮਮ' ਨਾਲ ਤੇਲਗੂ ਇੰਡਸਟਰੀ ਵਿੱਚ ਡੈਬਿਊ ਕੀਤਾ, ਦਰਸ਼ਕਾਂ ਦਾ ਕੀ ਹੁੰਗਾਰਾ ਮਿਲਿਆ?

-ਇਹ ਫਿਲਮ ਆ ਚੁੱਕੀ ਹੈ ਤੇ ਲੋਕਾਂ ਨੂੰ ਪਸੰਦ ਆਈ ਹੈ। ਪ੍ਰਸ਼ੰਸਕਾਂ ਦਾ ਜਿਸ ਤਰ੍ਹਾਂ ਨਾਲ ਪਿਆਰ ਮਿਲ ਰਿਹਾਹੈ, ਉਸ ਨਾਲ ਬਹੁਤ ਖੁਸ਼ ਹਾਂ। ਹਾਂ, ਤੇਲਗੂ ਵਿੱਚ ਡੈਬਿਊ ਦੇ ਲਈ ਖਤਰਨਾਕ ਰਿਸਪਾਂਸ ਮਿਲ ਰਿਹਾ ਹੈ। ਅਜੇ ਸੋਸ਼ਲ ਮੀਡੀਆ ਵਿੱਚ ਕੁਝ ਪੋਸਟ ਕੀਤਾ ਤਾਂ ਪਤਾ ਲੱਗਾ ਕਿ ਲੋਕ ਚੌਥੀ-ਪੰਜਵੀਂ ਵਾਰ ਫਿਲਮ ਦੇਖ ਰਹੇ ਹਨ। ਥੀਏਟਰ ਵਿੱਚ ਤਾੜੀਆਂ-ਸੀਟੀਆਂ ਗੂੰਜਦੀਆਂ ਹਨ। ਇਹ ਕਿਸੇ ਕਲਾਕਾਰ ਲਈ ਬਹੁਤ ਵੱਡੀ ਗੱਲ ਹੈ ਕਿ ਫਿਲਮ ਦੇਖਣ ਲਈ ਦਰਸ਼ਕ ਦੋਬਾਰਾ ਆ ਰਹੇ ਹਨ। ਸਾਊਥ ਦੇ ਦਿੱਗਜ ਅਭਿਨੇਤਾ ਪ੍ਰਭਾਸ, ਨਾਗਾਰਜੁਨ ਸਰ, ਨਾਨੀ, ਸੁਰੇਸ਼ ਐਕਟਰਾਂ ਦੀ ਤਾਰੀਫ ਤੋਂ ਤਾਰੀਫ ਮਿਲ ਰਹੀ ਹੈ, ਇਹ ਸਭ ਬਹੁਤ ਚੰਗਾ ਲੱਗ ਰਿਹਾ ਹੈ। ਮੈਂ ਕਦੇ ਸੋਚਿਆ ਨਹੀਂ ਸੀ ਕਿ ਤੇਲਗੂ ਇੰਡਸਟਰੀ ਤੋਂ ਮੈਨੂੰ ਇੰਨਾ ਪਿਆਰ ਮਿਲੇਗਾ।

*'ਸੀਤਾ ਰਾਮਮ' ਵਿੱਚ ਦੁਲਕਰ ਸਲਮਾਨ ਦੇ ਨਾਲ ਕੰਮ ਕਰਨ ਦਾ ਤਜਰਬਾ ਕਿਹੋ ਜਿਹਾ ਰਿਹਾ?

-ਮੈਨੂੰ ਲੱਗਦਾ ਹੈ ਕਿ ਉਹ ਇੰਡੀਆ ਦੇ ਸਭ ਤੋਂ ਅਨੋਖੇ ਕਲਾਕਾਰ ਹਨ, ਜੋ ਆਪਣੀਆਂ ਅੱਖਾਂ ਨਾਲ ਸਭ ਕੁਝ ਕਹਿ ਜਾਂਦੇ ਹਨ, ਕੁਝ ਐਕਟਰਸ ਚਾਰਮਿੰਗ ਵੀ ਹਨ, ਗੁਡ ਲੁਕਿੰਗ ਵੀ ਹਨ, ਐਕਟਿੰਗ ਵੀ ਬਹੁਤ ਵਧੀਆ ਕਰਦੇ ਹਨ ਅਤੇ ਉਨ੍ਹਾਂ ਦੀ ਪਸੰਦ ਵੀ ਬਹੁਤ ਅਲੱਗ ਹੁੰਦੀ ਹੈ। ਰੇਅਰ, ਯੂਨਿਕ ਅਤੇ ਆਰਥੇਟਿਕ ਜਿਸ ਨੂੰ ਕਹਿੰਦੇ ਹਨ, ਇਹ ਉਹੀ ਕਲਾਕਾਰ ਹੈ। ਮੈਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਮਦਦ ਦੇ ਬਗੈਰ ਮੈਂ ਇਸ ਫਿਲਮ ਵਿੱਚ ਸੀਤਾ ਦਾ ਕਿਰਦਾਰ ਨਹੀਂ ਨਿਭਾ ਪਾਉਣਾ ਮੁਸ਼ਕਲ ਹੁੰਦਾ। ਉਨ੍ਹਾਂ ਦੇ ਨਾਲ ਕੰਮ ਕਰਨ ਦੇ ਤਜਰਬੇ ਨੂੰ ਥੋੜ੍ਹੇ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦੀ ਹਾਂ।

* 'ਪਿੱਪਾ' ਵਿੱਚ ਵੀ ਤੁਸੀਂ ਭੈਣ ਦੇ ਰੋਲ ਵਿੱਚ ਹੋ। ਉਸ ਦੇ ਬਾਰੇ ਕੁਝ ਦੱਸੋ?

- ਇਹ ਬਲਰਾਮ, ਰਾਧਾ ਤੇ ਰਾਮ ਤਿੰਨ ਭੈਣ-ਭਰਾਵਾਂ ਦੀ ਕਹਾਣੀ ਹੈ। ਮੈਂ ਰਾਧਾ ਦੀ ਭੂਮਿਕਾ ਵਿੱਚ ਹਾਂ। 1971 ਦੀ ਜੰਗ ਦੇ ਬਾਰੇ ਵਿੱਚ ਬਹੁਤੇ ਲੋਕ ਨਹੀਂ ਜਾਣਦੇ। ਇਸ ਨੂੰ ਕਿੱਦਾਂ ਲੜਿਆ ਗਿਆ? ਬਲਰਾਮ ਮਹਿਤਾ ਅਤੇ ਉਨ੍ਹਾਂ ਦੇ ਭਰਾ-ਭੈਣ ਕਿਸ ਤਰ੍ਹਾਂ ਨਾਲ ਇਸ ਜੰਗ ਵਿੱਚ ਸ਼ਾਮਲ ਸਨ? ਉਸ ਦੇ ਬਾਰੇ ਇਹ ਫਿਲਮ ਹੈ। ਮੇਰਾ ਬਹੁਤ ਹੀ ਅਨੋਖਾ ਕਿਰਦਾਰ ਹੈ। ਇਸ ਫਿਲਮ ਦਾ ਟੀਜ਼ਰ ਆ ਗਿਆ ਹੈ। ਇੱਕ-ਡੇਢ ਮਹੀਨੇ ਤੱਕ ਟ੍ਰੇਲਰ ਆ ਜਾਏਗਾ ਤੇ ਦੋ ਦਸੰਬਰ ਨੂੰ ਫਿਲਮ ਰਿਲੀਜ਼ ਹੋ ਰਹੀ ਹੈ। ਇਸ ਫਿਲਮ ਦੀ ਸ਼ੂਟਿੰਗ ਪਿਛਲੇ ਸਾਲ ਹੀ ਖਤਮ ਹੋ ਗਈ ਸੀ।

* 'ਪਿੱਪਾ' ਦੇ ਲਈ ਤੁਸੀਂ ਕੀ ਕੋਈ ਫਿਜੀਕਲ ਤਿਆਰੀ ਕੀਤੀ ਹੈ?

-ਫਿਜੀਕਲ ਤਿਆਰੀ ਹਰ ਫਿਲਮ ਲਈ ਹੁੰਦੀ ਹੈ। ਹਾਂ, ਇਸ ਵਿੱਚ ਲੁਕ ਅਲੱਗ ਹੈ, ਕਿਉਂਕਿ ਪੀਰੀਅਡ ਡਰਾਮਾ ਫਿਲਮਹੈ। 1971 ਦਾ ਸੈਟ ਹੈ, ਤਦ ਉਸ ਸਮੇਂ ਦੀ ਗੱਲਬਾਤ ਦਾ ਢੰਗ ਪਹਿਰਾਵਾ, ਹਾਵ-ਭਾਵ ਆਦਿ ਅਪਣਾਇਆ ਹੈ। ਕਹਿੰਦੇ ਹਨ ਕਿ ਕਲਾਕਾਰ ਬਹੁਤ ਲੱਕੀ ਹੁੰਦੇ ਹਨ, ਕਿਉਂਕਿ ਉਹ ਆਪਣੇ ਕਿਰਦਾਰ ਨਾਲ ਹਰ ਸਦੀ ਵਿੱਚ ਟ੍ਰੈਵਲ ਕਰਦੇ ਹਨ। ਬਹੁਤ ਜ਼ਿਆਦਾ ਡਿਟੇਲਸ ਫਿਲਹਾਲ ਨਹੀਂ ਦੇ ਸਕਾਂਗੀ, ਪਰ ਇਸ ਵਿੱਚ ਮੇਰਾ ਲੁਕ ਬਹੁਤ ਅਲੱਗ ਹੈ ਅਤੇ ਉਸ ਵਿੱਚ ਐਕਟਿੰਗ ਕਰ ਕੇ ਬਹੁਤ ਮਜ਼ਾ ਆਇਆ। ਰੋਚਕ ਗੱਲ ਹੈ ਕਿ ਫਿਲਮ ਵਿੱਚ ਬਹੁਤ ਵਧੀਆ ਕਿਰਦਾਰ ਹੈ, ਜਿਸ ਦਾ ਨਾਂਅ ਹੈ-ਪ੍ਰਿਆਂਸ਼ੂ ਪੇਨੁਅਲੀ। ਉਸ ਨੇ ਬਹੁਤ ਵਧੀਆ ਕੰਮ ਕੀਤਾ ਹੈ। ਪ੍ਰਿਆਂਸ਼ੂ, ਈਸ਼ਾਨ (ਖੱਟਰ) ਤੇ ਸੋਨੀ ਰਾਜ਼ਦਾਨ ਦੇ ਨਾਲ ਬਹੁਤ ਵਧੀਆ ਸੀਨ ਹਨ। ਲੋਕਾਂ ਨੂੰ ਕਹਾਂਗੀ ਕਿ ਇਹ ਫਿਲਮ ਜਦ ਆਏ, ਥੀਏਟਰ ਵਿੱਚ ਜਾ ਕੇ ਜ਼ਰੂਰ ਦੇਖਣ।

* ਰਾਜਾਕ੍ਰਿਸ਼ਨਨ ਮੇਨਨ ਨਾਲ ਕੰਮ ਕਰਦੇ ਹੋਏ ਕੀ ਕੁਝ ਸਿੱਖਿਆ?

- ਡਾਇਰੈਕਟਰ ਰਾਜਾ ਕ੍ਰਿਸ਼ਨਨ ਮੇਨਨ ਦਾ ਸ਼ੂਟਿੰਗ ਪੈਟਰਨ ਕਾਫੀ ਅਲੱਗ ਹੈ। ਕੋਈ ਚੀਜ਼ ਹੋਵੇ, ਉਹ ਹਮੇਸ਼ਾ ਇੱਕ ਟੇਕ ਵਿੱਚ ਸ਼ੂਟ ਕਰਨਾ ਪਸੰਦ ਕਰਦੇ ਹਨ। ਉਨ੍ਹਾਂ ਦੇ ਕੈਮਰਾ ਐਂਗਲ ਜ਼ਿਆਦਾ ਕੱਟ ਵਾਲੇ ਨਹੀਂ ਹੁੰਦੇ। ਸੀਨ ਵਿੱਚ ਜਿੰਨੇ ਘੱਟ ਕੱਟ ਹੋ ਸਕੇ, ਉਸੇ ਤਰ੍ਹਾਂ ਸ਼ੂਟ ਕਰਦੇ ਹਨ। ਅਜਿਹਾ ਕਰਨਾ ਬੜਾ ਚੈਲੇਂਜਿੰਗ ਹੈ, ਪਰ ਵਧੀਆ ਲੱਗਦਾ ਸੀ ਕਿ ਵਨ ਟੇਕ ਵਿੱਚ ਪ੍ਰਫਾਰਮੈਂਸ ਡਿਲੀਵਰ ਕਰਨਾ ਹੈ। ਇਸ ਤਰ੍ਹਾਂ ਉਨ੍ਹਾਂ ਦੇ ਨਾਲ ਕੰਮ ਕਰਨ ਦਾ ਤਜਰਬਾ ਕਾਫੀ ਅਲੱਗ ਹੁੰਦਾ ਹੈ।

* ਆਉਣ ਵਾਲੀਆਂ ਫਿਲਮਾਂ 'ਆਂਖ ਮਿਚੌਲੀ', 'ਗੁਮਰਾਹ' ਅਤੇ 'ਪੂਜਾ ਮੇਰੀ ਜਾਨ' ਦੇ ਬਾਰੇ ਕੁਝ ਦੱਸੋ?

-'ਆਂਖ ਮਿਚੌਲੀ' ਦੇ ਬਾਰੇ ਫਿਲਮਮੇਕਰ ਹੀ ਸਭ ਫੈਸਲੇ ਲੈ ਰਹੇ ਹਨ, ਇਸ ਲਈ ਕੁਝ ਦੱਸ ਸਕਣਾ ਮੁਸ਼ਕਲ ਹੈ। ਉਸ ਫਿਲਮ ਨੂੰ ਆਉਣ ਵਿੱਚ ਥੋੜ੍ਹਾ ਸਮਾਂ ਲੱਗੇਗਾ। ਇਸ ਦੇ ਉਪਰ ਕੋਈ ਟੇਕ ਨਹੀਂ ਅਤੇ 'ਗੁਮਰਾਹ' ਦੀ ਸ਼ੂਟਿੰਗ ਪੂਰੀ ਹੋ ਚੁੱਕੀ ਹੈ। ਇਹ ਅਗਲੇ ਸਾਲ ਤੱਕ ਪੂਰੀ ਹੋ ਜਾਣੀ ਚਾਹੀਦੀ ਹੈ। 'ਪੂਜਾ ਮੇਰੀ ਜਾਨ' ਦੀ ਫਿਲਮੋਗਰਾਫੀ ਪੂਰੀ ਹੋ ਗਈ ਹੈ। ਅਗਲੇ ਸਾਲ ਫਸਟ ਹਾਫ ਤੱਕ ਇਹ ਆ ਜਾਏਗੀ। ਇਸ ਸਾਲ ਅਸੀਂ ਦਰਸ਼ਕਾਂ ਨੂੰ ਰੋਮਾਂਸ ਪਰੋਸਿਆ ਹੈ। ਆਸ਼ਾ ਹੈ ਕਿ ਦਰਸ਼ਕਾਂ ਦੇ ਵਿੱਚ ਇੱਕ ਵਰਸੇਟਾਈਲ ਕਲਾਕਾਰ ਦੇ ਤੌਰ ਉੱਤੇ ਪਛਾਣੀ ਜਾਵਾਂਗੀ।




Urgently Need New Listings in Brampton/Caledon
visit: www.teamjagaujla.com
Call JAG AUJLA
MCNE, REAL ESTATE BROKER
DIR: 416-371-7777
j.aujla@rogers.com
www.jagaujla.com
Follow Us:
CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com
URGENTLY NEED NEW LISTINGS IN THIS AREA
RECENTLY LISTED/SOLD IN YOUR NEIGHBOURHOOD BY JAG AUJLA
JUST LISTED FOR SALE IN BRANTFORD
SHELLARD LN / CONKLIN RD
• 2000 sq feet ਦਾ Semi-Detached ਘਰ
• 4 ਬੈੱਡਰੂਮ+4 ਵਾਸ਼ਰੂਮ+3 ਕਾਰ ਪਾਰਕਿੰਗ
• ਸਟੇਨਲੇਸ ਸਟੀਲ ਉਪਕਰਨ
• ਫਨਿਸ਼ਿਡ ਬੇਸਮੈਂਟ
• ਰਸੋਈ ਵਿੱਚ ਪੋਰਸਲਿਨ ਫਲੋਰ ਟਾਇਲਸ
• ਕੁਆਰਟਜ਼ ਕਾਊਂਟਰ ਟੌਪ
• ਮਾਸਟਰ ਬੈੱਡਰੂਮ ਵਿੱਚ 4 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
JUST LISTED FOR SALE IN BRAMPTON
WILLIAMS PKWY / CHINGUACOUSY RD
• 2500 - 3000 sq feet
• Detach ਘਰ, ਡਬਲ ਡੋਰ ਐਂਟਰੀ
• 4 ਬੈੱਡਰੂਮ + ਕੰਪਿਊਟਰ ਲੋਫਟ + 3 ਵਾਸ਼ਰੂਮ + 2 ਕਾਰ ਗੈਰੇਜ
• ਮਾਸਟਰ ਬੈੱਡਰੂਮ ਵਿੱਚ 5 ਪੀਸੀਐਸ ਐਨ ਸੁਟ ਅਤੇ ਵਾਕ ਇਨ ਅਲਮਾਰੀ
• ਸਟੇਨਲੇਸ ਸਟੀਲ ਉਪਕਰਨ
• ਹਾਈਵੇਅ 403 ਦੇ ਨੇੜੇ
SOLD
WILLIAMS PKWY / CENTRE ST
SOLD
WILLIAMS PKWY / ROYAL ORCHARD
SOLD
QUEEN ST / DIXIE RD
SOLD
SANDALWOOD / BRAIDWOOD LAKE
SOLD
HOWDEN BLVD / WILLIAM PRWY
SOLD
QUEEN ST / MCLAUGHLIN
SOLD
HWY 10 / BOVAID DR
SOLD
GOREWAY DR / QUEEN ST E
FREE
✓ Full MLS Services
✓ Consistently Marketing Your Property Until SOLD
✓ Staging Consultation
✓ Billboard, Flyer, Newspaper
✓ Online Promotion
✓ Professional Pictures and Virtual Tour
✓ Social media & Radio Advertisement
✓ Open House Until Sold
✓ Competitive Rates, Exceptional Service & Award Winning Results
RE/MAX Realty Specialists Inc. Brokerage (Independently Owned and Operated)
Off: 905-456-3232
*(Based on units sold & commissions)* *Some Conditions Apply.
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
JUNE 2022


Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
SERVING AT 3 LOCATIONS
25 KINGS CROSS RD, #1, BRAMPTON, ON | (905) 790-3486
25 CHERRY CREST DR, BRAMPTON , ON | 905-913-1114
65 BRAYDON BLVD, #7A, BRAMPTON, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com


ORDER ONLINE TODAY !!!
WWW.ASIANFOODCENTRE.COM
FREE PICK UP!!!
HOME DELIVERY ALSO AVAILABLE !!!
ASIAN FOOD CENTRE
VEGETARIAN FOOD
HEALTHY EATING
FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas
SERVING FROM ALL LOCATIONS IN GTA AREA:
10 Westmore Drive Etobicoke ON M9V-3Z7 416-740-3262
21 Lacoste Blvd, Brampton, ON L6P 2K2 905 794-8109
621 Wanless drive, # 122 Brampton ON L7A 0A9 905-495-3336
1075 Ceremonial Drive Mississauga ON L5R 2Z4 905-502-1600
80 Pertosa Drive Brampton ON L5X-5E9 905-460-0009
10510 Torbram Road, Brampton 905-790-0030
2120 North park Drive Brampton ON L6S 0C9 905-793-1338
10 Pannahill Dr, Brampton 905 913-8017